# ਸਰਕਾਰੀ ਕਾਲਜ, ਡੇਰਾ ਬੱਸੀ


Estd.1975

(ਸਾਹਿਬਜ਼ਾਦਾ ਅਜੀਤ ਸਿੰਘ ਨਗਰ)


(An Accredited Institution with B Grade by NAAC)

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਣੀ ਜੀਤ ਕਰੋਂ॥
— ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

# PROSPECTUS 2020-21



# ਪ੍ਰਿੰਸੀਪਲ ਦਾ ਸੰਦੇਸ਼



ਸਰਕਾਰੀ ਕਾਲਜ ਡੇਰਾ ਬੱਸੀ ਬੀਤੇ ਸਾਲਾਂ ਦੌਰਾਨ ਇਕ ਵੱਡੀ ਵਿੱਦਿਅਕ ਸੰਸਥਾ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ। ਮੇਰਾ ਪੂਰਨ ਵਿਸ਼ਵਾਸ਼ ਹੈ ਕਿ ਅਸੀਂ ਸਾਰਿਆਂ ਦੇ ਸਹਿਯੋਗ ਸਦਕਾ ਕਾਲਜ ਨੂੰ ਹੋਰ ਉੱਚੀਆਂ ਬੁਲੰਦੀਆਂ ਤੱਕ ਲੈ ਕੇ ਜਾਣ ਵਿਚ ਸਫ਼ਲ ਹੋਵਾਂਗੇ।

ਇਸ ਉਦੇਸ਼ ਨੂੰ ਅੱਗੇ ਲਿਜਾਣ ਲਈ ਮੇਰੀ ਕੋਸ਼ਿਸ਼ ਹੋਵੇਗੀ ਕਿ ਕਾਲਜ ਨੂੰ ਮਿਆਰੀ ਸਿੱਖਿਆ ਰਾਹੀਂ ਅਕਾਦਮਿਕ ਉੱਤਮਤਾ ਦੇ ਕੇਂਦਰ ਵਜੋਂ ਉਭਾਰਿਆ ਜਾਵੇ। ਮੈਂ, ਸਾਡੇ ਵਿਦਿਆਰਥੀਆਂ ਨੂੰ ਸਫਲਤਾਵਾਂ ਦੀਆਂ ਬੁਲੰਦੀਆਂ ਤੱਕ ਪਹੁੰਚਾਉਣ ਵਿਚ ਮਦਦ ਕਰਨ ਵਾਲੇ ਟੀਚਿੰਗ, ਨਾਨ-ਟੀਚਿੰਗ ਅਤੇ ਬਾਕੀ ਸਹਿਯੋਗੀ ਕਰਮਚਾਰੀਆਂ ਦਾ ਦਿਲੋਂ ਸਨਮਾਨ ਕਰਦੀ ਹਾਂ।

ਕਾਲਜ ਕੈਂਪਸ ਹਮੇਸ਼ਾ ਨੌਜਵਾਨ ਵਿਦਿਆਰਥੀਆਂ ਲਈ ਇੱਕ ਦਿਲਚਸਪ ਸਥਾਨ ਹੁੰਦਾ ਹੈ। ਸਾਡੇ ਆਲੇ ਦੁਆਲੇ ਦੀ ਨੌਜਵਾਨ ਊਰਜਾ ਸਾਨੂੰ ਸਿੱਖਿਅਕਾਂ ਨੂੰ ਹਮੇਸ਼ਾ ਜੀਵੰਤ ਰੱਖਦੀ ਹੈ। ਵਿਦਿਆਰਥੀਆਂ ਦੀ ਬੌਧਿਕ ਅਤੇ ਭਾਵਨਾਤਮਕ ਵਿਕਾਸ-ਯਾਤਰਾ ਦਾ ਹਿੱਸਾ ਬਣਨਾ ਆਪਣੇ ਆਪ ਵਿਚ ਇਕ ਸੁਖਦ ਤਜਰਬਾ ਹੈ। ਅਸੀਂ ਨੇੜਲੇ ਪੇਂਡੂ ਖੇਤਰ ਵਿਚੋਂ ਆਉਣ ਵਾਲੇ ਵਿਦਿਆਰਥੀਆਂ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਇਕ ਚੰਗੇ ਸਲਾਹਕਾਰ ਵਜੋਂ ਅਸੀਂ ਉਹਨਾਂ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਤਾਂਕਿ ਸਾਡੇ ਵਿਦਿਆਰਥੀ ਪੂਰੇ ਆਤਮਵਿਸ਼ਵਾਸ਼ ਨਾਲ ਬਾਹਰਲੀ ਦੁਨੀਆਂ ਵਿਚ ਕਦਮ ਰੱਖ ਸਕਣ। ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਕ ਦਿਨ ਸਾਡੇ ਵਿਦਿਆਰਥੀਆਂ ਉੱਪਰ ਸਾਨੂੰ ਮਾਣ ਹੋਵੇਗਾ।

ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਅਸੀਂ ਸਿੱਖਿਆ ਦੇ ਅਸਲ ਮਕਸਦ ਦੀ ਪੂਰਤੀ ਲਈ ਆਪਣੇ ਵਿਦਿਆਰਥੀਆਂ ਨੂੰ ਸਕਾਰਾਤਮਕ ਅਤੇ ਪ੍ਰੇਰਣਾਦਾਇਕ ਵਾਤਾਵਰਣ ਅਤੇ ਅਵਸਰ ਪ੍ਰਦਾਨ ਕਰਨ ਲਈ ਯਤਨਸ਼ੀਲ ਹਾਂ। ਅਸੀਂ ਅਕਾਦਮਿਕ ਉੱਤਮਤਾ ਰਾਹੀਂ ਆਪਣੇ ਵਿਦਿਆਰਥੀਆਂ ਵਿਚ ਇਕ ਅਜਿਹੀ ਯੋਗਤਾ ਪੈਦਾ ਕਰਨ ਲਈ ਯਤਨਸ਼ੀਲ ਹਾਂ ਜਿਸ ਸਦਕਾ ਉਹ ਆਪਣੇ ਵਿਦਿਆਰਥੀ ਜੀਵਨ ਤੋਂ ਬਾਅਦ ਦੀਆਂ ਚੁਣੌਤੀਆਂ ਦਾ ਸੰਤੁਲਿਤ ਅਤੇ ਸਦਭਾਵਨਾਪੂਰਨ ਢੰਗ ਨਾਲ ਸਾਹਮਣਾ ਕਰ ਸਕਣ।

ਪ੍ਰੋ. ਡਾ. ਅਮਨਦੀਪ ਕੌਰ
ਪ੍ਰਿੰਸੀਪਲ,
ਸਰਕਾਰੀ ਕਾਲਜ, ਡੇਰਾ ਬੱਸੀ।

# ਸਰਕਾਰੀ ਕਾਲਜ ਡੇਰਾ ਬੱਸੀ
# (ਸਹਿ–ਸਿਖਿਆ ਸੰਸਥਾ)

**(Accredited Grade B by NAAC)**

ਚੰਡੀਗੜ੍ਹ ਅੰਬਾਲਾ ਸੜਕ ਤੋਂ 700 ਮੀਟਰ ਦੀ ਵਿੱਥ ਤੇ ਹਰੇ–ਭਰੇ ਜੰਗਲ ਅਤੇ ਕੁਦਰਤੀ ਵਾਤਾਵਰਣ ਦਰਮਿਆਨ ਸਥਿਤ ਸਰਕਾਰੀ ਕਾਲਜ ਡੇਰਾ ਬੱਸੀ ਦਾ ਆਰੰਭ 15 ਜਨਵਰੀ 1975 ਨੂੰ ਉਸ ਸਮੇਂ ਦੇ ਸਥਾਨਕ ਵਿਧਾਇਕ ਤੇ ਖਜ਼ਾਨਾ ਮੰਤਰੀ ਸ੍ਰੀ ਹੰਸ ਰਾਜ ਸ਼ਰਮਾ ਜੀ ਦੇ ਯਤਨਾਂ ਨਾਲ ਡੇਰਾ ਬੱਸੀ ਟਾਊਨ ਦੇ ਪ੍ਰਾਇਮਰੀ ਸਕੂਲ ਦੀ ਇਮਾਰਤ ਵਿਚ ਹੋਇਆ। ਪਹਿਲੇ ਸਾਲ ਕੇਵਲ 126 ਵਿਦਿਆਰਥੀਆਂ ਨੇ ਕਾਲਜ ਵਿਖੇ ਦਾਖਲਾ ਲਿਆ। ਅੱਜ ਕਾਲਜ ਵਿਖੇ ਲੱਗਭਗ **1471** ਵਿਦਿਆਰਥੀ ਪੜ੍ਹਦੇ ਹਨ ਤੇ ਆਉਣ ਵਾਲੇ ਸਮੇਂ ਵਿਚ ਇਸ ਵਿਚ ਨਿਰੰਤਰ ਵਾਧੇ ਦੀ ਸੰਭਾਵਨਾ ਹੈ। 7 ਫਰਵਰੀ 1984 ਨੂੰ ਕਾਲਜ ਆਪਣੀ ਮੌਜੂਦਾ ਇਮਾਰਤ ਵਿਖੇ ਤਬਦੀਲ ਹੋਇਆ। ਸ਼ਾਂਤੀ ਨਿਕੇਤਨ ਵਰਗੇ ਕੁਦਰਤੀ ਵਾਤਾਵਰਣ ਵਿਚ ਸਥਾਪਿਤ ਇਹ ਕਾਲਜ ਵਿੱਦਿਆ ਲਈ ਇਕ ਸੁੰਦਰ ਤੇ ਖੁਸ਼ਗਵਾਰ ਮਾਹੌਲ ਪ੍ਰਦਾਨ ਕਰਦਾ ਹੈ। ਇਸ ਸਮੇਂ ਆਰਟਸ, ਕਾਮਰਸ ਅਤੇ ਸਾਇੰਸ (ਨਾਨ ਮੈਡੀਕਲ) ਦੀ ਡਿਗਰੀ ਪੱਧਰ ਦੀ ਪੜ੍ਹਾਈ ਦਾ ਪ੍ਰਬੰਧ ਹੈ। ਕਾਲਜ ਵਿੱਚ ਇਸ ਸਮੇਂ ਬੀ.ਕਾਮ. ਆਨਰਜ਼ ਅਤੇ ਬੀ.ਸੀ.ਏ. ਦੀਆਂ ਕਲਾਸਾਂ ਸਵੈ ਵਿਤੀ ਸਕੀਮ ਅਧੀਨ ਚੱਲ ਰਹੀਆਂ ਹਨ। ਪੜ੍ਹਾਈ ਦੇ ਨਾਲ–ਨਾਲ ਸਭਿਆਚਾਰਕ ਗਤੀਵਿਧੀਆਂ, ਫਾਈਨ ਆਰਟਸ, ਸੰਗੀਤ, ਖੇਡਾਂ, ਸਾਹਿਤ, ਐਨ.ਐਸ. ਐਸ. ਆਦਿ ਖੇਤਰਾਂ ਵਿੱਚ ਵਿਦਿਆਰਥੀਆਂ ਦੀ ਰਾਹਨੁਮਾਈ ਲਈ ਵਿਸ਼ੇਸ਼ ਪ੍ਰਬੰਧ ਹੈ। ਇਹ ਕਾਲਜ ਕੁੜੀਆਂ–ਮੁੰਡਿਆਂ ਦਾ ਸਾਂਝਾ ਕਾਲਜ ਹੋਣ ਕਾਰਨ ਇੱਥੇ ਹਰ ਵਿੱਦਿਆਰਥੀ ਤੋਂ ਸੱਭਿਅਕ ਅਤੇ ਸਲੀਕੇ ਵਾਲੇ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ। ਵਿੱਦਿਆਰਥੀਆਂ ਨੂੰ ਵਿੱਦਿਅਕ, ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਖੇਤਰ ਵਿੱਚ ਨਵੀਂ ਸੇਧ ਪ੍ਰਦਾਨ ਕਰਦਾ ਹੋਇਆ ਇਹ ਕਾਲਜ ਇਕ ਚਾਨਣ ਮੁਨਾਰੇ ਦਾ ਕਾਰਜ ਨਿਭਾ ਰਿਹਾ ਹੈ।

ਨ:

पावका न: सरस्वती

*Learning is purity*

# ਕਾਲਜ ਸਟਾਫ਼

## ਪ੍ਰਿੰਸੀਪਲ : ਪ੍ਰੋ. ਡਾ. ਅਮਨਦੀਪ ਕੌਰ

**ਅੰਗਰੇਜ਼ੀ ਵਿਭਾਗ**
1. ਪ੍ਰੋ. ਅਜਿੰਦਰ ਕੌਰ (M.A-M.Phil.)
2. ਪ੍ਰੋ. ਸਵਿਤਾ ਗੁਪਤਾ (M.A-M.Phil.)
3. ਖ਼ਾਲੀ ਅਸਾਮੀ

**ਪੰਜਾਬੀ ਵਿਭਾਗ**
1. ਪ੍ਰੋ. ਪੁਸ਼ਪਿੰਦਰ ਕੌਰ (M.A-M.Phil.)
2. ਡਾ. ਗੁਰਪ੍ਰੀਤ ਕੌਰ (M.A-Ph.D) ਗੈਸਟ ਫੈਕਲਟੀ
3. ਪ੍ਰੋ. ਬੋਮਿੰਦਰ ਕੌਰ (M.A-M.Phil.) ਗੈਸਟ ਫੈਕਲਟੀ
4. ਪ੍ਰੋ. ਅਵਤਾਰ ਸਿੰਘ (M.A.-M.Phil.) ਗੈਸਟ ਫੈਕਲਟੀ

**ਹਿੰਦੀ ਵਿਭਾਗ**
1. ਪ੍ਰੋ. ਦਵਿੰਦਰ ਕੌਰ (M.A) ਗੈਸਟ ਫੈਕਲਟੀ

**ਭੂਗੋਲ ਵਿਭਾਗ**
1. ਪ੍ਰੋ. ਮਨਪ੍ਰੀਤ ਕੌਰ (M.A) ਗੈਸਟ ਫੈਕਲਟੀ
2. ਖਾਲੀ ਅਸਾਮੀ

**ਲੋਕ ਪ੍ਰਸ਼ਾਸਨ ਵਿਭਾਗ**
1. ਖ਼ਾਲੀ ਅਸਾਮੀ

**ਅਰਥ ਸ਼ਾਸਤਰ ਵਿਭਾਗ**
1. ਪ੍ਰੋ. ਗੁਰਮੀਤ ਸਿੰਘ (M.A) ਗੈਸਟ ਫੈਕਲਟੀ

**ਰਾਜਨੀਤੀ ਸ਼ਾਸਤਰ ਵਿਭਾਗ**
1. ਪ੍ਰੋ. ਸੁਨੀਲ ਕੁਮਾਰ (M.A.-M.Phil.) ਗੈਸਟ ਫੈਕਲਟੀ

**ਇਤਿਹਾਸ ਵਿਭਾਗ**
1. ਪ੍ਰੋ. ਸਿੰਮੀ ਜੌਹਲ (M.A-M.Phil.)

**ਗਣਿਤ ਵਿਭਾਗ**
1. ਪ੍ਰੋ. ਸੁਸ਼ਮਾ (M.Sc.) ਗੈਸਟ ਫੈਕਲਟੀ

**ਸਰੀਰਕ ਸਿਖਿਆ ਵਿਭਾਗ**
1. ਖ਼ਾਲੀ ਅਸਾਮੀ

**ਫਾਈਨ ਆਰਟਸ ਵਿਭਾਗ**
1. ਪ੍ਰੋ. ਰਵਿੰਦਰ ਸਿੰਘ (M.A-M.Phil.) ਗੈਸਟ ਫੈਕਲਟੀ
2. ਪ੍ਰੋ. ਕਿਰਨਪ੍ਰੀਤ ਕੌਰ (M.A., B.Ed., Dip. in Art & Craft) ਗੈਸਟ ਫੈਕਲਟੀ

**ਸਮਾਜ ਸ਼ਾਸਤਰ ਵਿਭਾਗ**
1. ਪ੍ਰੋ. ਹਰਵਿੰਦਰ ਕੌਰ (M.A-M.Phil.) ਗੈਸਟ ਫੈਕਲਟੀ

**ਹੋਮ ਸਾਇੰਸ ਵਿਭਾਗ**
1. ਡਾ. ਸੁਮਿਤਾ ਕਟੋਚ (M.Sc.-Ph.D) ਗੈਸਟ ਫੈਕਲਟੀ
2. ਖਾਲੀ ਅਸਾਮੀ

**ਸੰਗੀਤ ਵਿਭਾਗ**
1. ਪ੍ਰੋ. ਬਲਜਿੰਦਰ ਸਿੰਘ (M.A-M.Phil.) ਗੈਸਟ ਫੈਕਲਟੀ

**ਕਾਮਰਸ ਵਿਭਾਗ**
1. ਪ੍ਰੋ. ਰਾਕੇਸ਼ ਗਰਗ (M.Com.)
2. ਪ੍ਰੋ. ਪ੍ਰਭਜੋਤ ਕੌਰ (M.Com.) ਗੈਸਟ ਫੈਕਲਟੀ
3. ਪ੍ਰੋ. ਕਨੂ ਗਰਗ (M.Com.) ਗੈਸਟ ਫੈਕਲਟੀ

**ਭੌਤਿਕ ਵਿਗਿਆਨ**
1. ਪ੍ਰੋ. ਰਾਜਬੀਰ ਕੌਰ (M.Sc.-M.Phil.)
2. ਖ਼ਾਲੀ ਅਸਾਮੀ

**ਰਸਾਇਣ ਵਿਭਾਗ**
1. ਡਾ. ਅਮਰਜੀਤ ਕੌਰ (M.Sc.-Ph.D)
2. ਪ੍ਰੋ. ਸ਼ਵੇਤਾ ਖਰਬੰਦਾ (M.Sc., B.Ed.) ਗੈਸਟ ਫੈਕਲਟੀ

**ਕੰਪਿਊਟਰ ਵਿਭਾਗ**
1. ਪ੍ਰੋ. ਨੈਨਸੀ (M.C.A.) ਗੈਸਟ ਫੈਕਲਟੀ

**ਲਾਇਬਰੇਰੀਅਨ–**
1. ਡਾ. ਪੂਜਾ ਭੰਡਾਰੀ (M.A.-M.Lib. Ph.d)

**ਪ੍ਰਬੰਧਕੀ ਅਮਲਾ**

**ਸੁਪਰਡੈਂਟ–**
1. ਸ੍ਰੀਮਤੀ ਭੁਪਿੰਦਰ ਕੌਰ

**ਸਟੈਨੋ –**
1. ਸ੍ਰੀਮਤੀ ਸਲੋਨੀ

**ਜੂਨੀਅਰ ਸਹਾਇਕ –**
1. ਸ੍ਰੀ ਪ੍ਰਵੀਨ ਚੰਦਰ ਸ਼ਰਮਾ
2. ਸ੍ਰੀ ਮਨਪ੍ਰੀਤ ਸਿੰਘ
3. ਸ੍ਰੀ ਸੂਬੇ ਸਿੰਘ

**ਲਾਇਬਰੇਰੀ ਰਿਸਟੋਰਰ**
1. ਖਾਲੀ ਅਸਾਮੀ

**ਲਾਇਬਰੇਰੀ ਅਟੈਂਡੈਂਟ–**
1. ਸ਼੍ਰੀ ਨਵਨੀਤ ਖੇੜਾ
2. ਸ਼੍ਰੀ ਮਨਦੀਪ ਕੁਮਾਰ

**ਲੈਬਾਰਟਰੀ ਸਟਾਫ਼**

**ਸੀਨੀਅਰ ਲੈਕਚਰ ਅਸਿਸਟੈਂਟ**
1. ਸ਼੍ਰੀ ਜਗਮੋਹਨ ਸਿੰਘ
2. ਖਾਲੀ ਅਸਾਮੀ

**ਜੂਨੀਅਰ ਲੈਕਚਰ ਅਸਿਸਟੈਂਟ**
1. ਸ਼੍ਰੀ ਅਭੈ ਸਾਗਰ
2. ਸ਼੍ਰੀ ਜਸਪ੍ਰੀਤ ਸਿੰਘ
3. ਖਾਲੀ ਅਸਾਮੀ
4. ਖਾਲੀ ਅਸਾਮੀ

**ਸੀਨੀ. ਲੈਬ ਅਟੈਂਡੈਂਟ**
1. ਸ਼੍ਰੀ ਜੋਗਿੰਦਰ ਸਿੰਘ

**ਲੈਬਾਰਟਰੀ ਅਟੈਂਡੈਂਟ**
1. ਸ਼੍ਰੀ ਜਸਮੇਰ ਸਿੰਘ
2. ਸ਼੍ਰੀ ਧਰਮ ਸਿੰਘ
3. ਸ਼੍ਰੀ ਬਲਦੇਵ ਸਿੰਘ
4. ਸ਼੍ਰੀ ਪ੍ਰਵੀਨ ਕੁਮਾਰ

**ਤਬਲਾ ਇਨਸਟਰਕਟਰ**
1. ਖਾਲੀ ਅਸਾਮੀ

**ਦਰਜਾ ਚਾਰ ਕਰਮਚਾਰੀ**
1. ਸ਼੍ਰੀ ਹਲਵਿੰਦਰ ਸਿੰਘ
2. ਸ਼੍ਰੀ ਹਰਮਿੰਦਰ ਸਿੰਘ
3. ਸ਼੍ਰੀ ਹਰਨਾਮ ਸਿੰਘ
4. ਸ਼੍ਰੀ ਸਤਨਾਮ ਸਿੰਘ ((ਲੀਅਨ)
5. ਸ਼੍ਰੀ ਗਗਨ ਅਗਰਵਾਲ
6. ਸ਼੍ਰੀ ਰਾਮ ਕ੍ਰਿਪਾਲ
7. ਸ਼੍ਰੀ ਅਮਰਿੰਦਰ ਸਿੰਘ
8. ਸ਼੍ਰੀ ਸਿਕੰਦਰ ਪੁਰੀ
9. ਸ਼੍ਰੀਮਤੀ ਸੁਮਨ
10. ਸ਼੍ਰੀਮਤੀ ਜੋਤੀ

# ਦਾਖਲੇ ਲਈ ਨਿਯਮ

2020-21 ਦੇ ਵਿਦਿਅਕ ਵਰ੍ਹੇ ਲਈ ਵੱਖ-ਵੱਖ ਸ਼੍ਰੇਣੀਆਂ ਵਿਚ ਹੇਠ ਲਿਖੇ ਨਿਯਮਾਂ ਅਨੁਸਾਰ ਦਾਖਲਾ ਕੀਤਾ ਜਾਵੇਗਾ:-

1. ਅਧੂਰੇ ਅਤੇ ਲੇਟ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ।

2. ਦਾਖਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਕਾਲਜ ਵਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਕੀਤਾ ਜਾਵੇਗਾ।
3. ਜੇਕਰ ਦਾਖਲੇ ਦੀ ਆਖਰੀ ਮਿਤੀ ਵਾਲੇ ਦਿਨ ਸਰਕਾਰੀ ਛੁੱਟੀ ਹੋਵੇ ਤਾਂ ਅਗਲੇ ਕੰਮ ਕਰਨ ਵਾਲੇ ਦਿਨ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ।
4. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਉਪਰੰਤ ਦਾਖਲੇ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ/Eligibility ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
5 ਬੀ.ਏ., ਬੀ.ਐਸ.ਸੀ., ਬੀ.ਕਾਮ., ਬੀ.ਕਾਮ. ਆਨਰਜ਼ ਅਤੇ ਬੀ.ਸੀ.ਏ. ਦੇ ਸਮੈਸਟਰ III ਅਤੇ V ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋਂ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ **ਅਤੇ *7 ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।

## ਦਾਖਲਾ ਫਾਰਮ ਭਰਨ ਲਈ ਹਦਾਇਤਾਂ

1. ਹਰ ਉਮੀਦਵਾਰ ਲਈ ਇੰਟਰਵਿਊ ਸਮੇਂ ਹਾਜ਼ਰ ਹੋਣਾ ਲਾਜ਼ਮੀ ਹੈ ਅਤੇ ਹੇਠ ਲਿਖੇ ਸਬੂਤ ਲਿਆਉਣੇ ਜਰੂਰੀ ਹਨ :
   (ੳ) ਪਾਸ ਕੀਤੇ ਸਾਰੇ ਇਮਤਿਹਾਨਾਂ ਦੇ ਯੂਨੀਵਰਸਿਟੀ ਜਾਂ ਬੋਰਡ ਵਲੋਂ ਜਾਰੀ ਕੀਤੇ ਨੰਬਰ ਕਾਰਡ ਅਤੇ ਪਾਸ ਸਰਟੀਫਿਕੇਟ ਅਤੇ ਫੋਟੋਕਾਪੀ।
   (ਅ) ਦਾਖਲਾ ਫਾਰਮ ਵਿੱਚ ਅਪਣਾ ਅਤੇ ਮਾਤਾ-ਪਿਤਾ ਦਾ ਨਾਮ ਮੈਟ੍ਰਿਕ ਦੇ ਸਰਟੀਫਿਕੇਟ ਵਿੱਚ ਦਰਜ ਸਪੈਲਿੰਗ ਨਾਲ ਮੇਲ ਖਾਂਦਾ ਹੀ ਲਿਖਿਆ ਜਾਵੇ।
   (ੲ) ਅੰਤਿਮ ਇਮਤਿਹਾਨ ਪਾਸ ਕਰਨ ਵਾਲੀ ਸੰਸਥਾ ਦੇ ਮੁੱਖੀ ਪਾਸੋਂ ਆਚਰਣ-ਸਰਟੀਫਿਕੇਟ ਅਤੇ ਫੋਟੋਕਾਪੀ।
   (ਸ) ਜਨਮ ਮਿਤੀ ਦੇ ਸਬੂਤ ਵਜੋਂ ਦਸਵੀਂ/ ਸੀਨੀਅਰ ਸੈਕੰਡਰੀ ਦਾ ਸਰਟੀਫਿਕੇਟ।
   (ਹ) ਪ੍ਰਮਾਣ-ਪੱਤਰ ਦੇ ਸਹੀ ਹੋਣ ਦੀ ਜਿੰਮੇਵਾਰੀ ਉਮੀਦਵਾਰ ਦੀ ਆਪਣੀ ਹੈ। ਸਕਾਲਰਸ਼ਿਪ ਲਈ ਅਪਲਾਈ ਕਰਨ ਦੇ ਚਾਹਵਾਨ ਵਿਦਿਆਰਥੀ ਦਾਖਲਾ ਫੀਸ ਭਰਨ ਤੋਂ ਪਹਿਲਾਂ ਸਕਾਲਰਸ਼ਿਪ ਕਮੇਟੀ ਤੋਂ ਆਪਣਾ ਕੇਸ ਕਲੀਅਰ ਕਰਵਾਉਣਗੇ।
   (ਕ) ਜ਼ਰੂਰਤ ਅਨੁਸਾਰ ਪਾਤਰਤਾ/ਮਾਈਗ੍ਰੇਸ਼ਨ ਸਰਟੀਫਿਕੇਟ ।

2. 10+2 ਵਿੱਚੋਂ ਰੀਅਪੀਅਰ ਵਾਲੇ ਉਮੀਦਵਾਰ ਨੂੰ ਕਿਸੇ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ ।
3. ਗਲਤ ਜਾਂ ਝੂਠੇ ਬਿਆਨ ਤੇ ਲਿਆ ਗਿਆ ਦਾਖਲਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।
4. ਕਾਲਜ ਅਨੁਸ਼ਾਸਨ ਦੇ ਹਿੱਤਾਂ ਲਈ ਪ੍ਰਿੰਸੀਪਲ ਨੂੰ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਹੈ।
5. ਕਾਲਜ ਵਿਚ ਦਾਖਲ ਹੋਏ ਹਰ ਵਿਦਿਆਰਥੀ ਦਾ ਦਾਖਲਾ ਉਸ ਸਮੇਂ ਤੱਕ ਆਰਜ਼ੀ ਹੈ ਜਦ ਤੱਕ ਉਸ ਨੂੰ ਯੂਨੀਵਰਸਿਟੀ ਤੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ। ਕਿਸੇ ਵਿਦਿਆਰਥੀ ਨੂੰ ਕਿਸੇ ਵੀ ਕਾਰਨ ਦਾਖਲੇ ਦੀ ਮਨਜ਼ੂਰੀ ਨਾ ਮਿਲਣ ਤੇ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।

6. ਗੈਪ ਵਾਲੇ ਉਮੀਦਵਾਰਾਂ ਨੂੰ ਸੀਟਾਂ ਦੇ ਉਪਲਬਧ ਹੋਣ ਤੇ ਹੀ ਦਾਖਲ ਕੀਤਾ ਜਾਵੇਗਾ।

7. ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਘੱਟ ਗਿਣਤੀਆਂ ਲਈ ਨਿਯਮਾਂ ਅਧੀਨ ਸੀਟਾਂ ਰਾਖਵੀਆਂ/ਹੋਰ ਸਹੂਲਤਾਂ ਉਪਲਬਧ ਹਨ। ਇਹ ਉਮੀਦਵਾਰ ਕਾਲਜ ਦਾਖਲੇ ਸਮੇਂ ਸਬੰਧਿਤ ਸ਼੍ਰੇਣੀ ਦੇ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣ ਤੇ ਹੀ ਸਬੰਧਤ ਸਹੂਲਤਾਂ ਦੇ ਹੱਕਦਾਰ ਬਣ ਸਕਣਗੇ। ਇੰਨ੍ਹਾਂ ਦੁਆਰਾ ਪੇਸ਼ ਕੀਤੇ ਗਏ ਪ੍ਰਮਾਣ-ਪੱਤਰ ਦੀ ਸਬੰਧਿਤ ਅਧਿਕਾਰੀ ਤੋਂ ਜਾਂਚ ਕਰਵਾਈ ਜਾ ਸਕਦੀ ਹੈ।

8. ਚੰਗੇ ਖਿਡਾਰੀਆਂ ਲਈ ਨਿਯਮਾਂ ਅਧੀਨ ਦਾਖਲੇ ਲਈ ਰਿਆਇਤ ਦਿੱਤੀ ਜਾਵੇਗੀ।

9. ਵਿਸ਼ਿਆਂ ਦੇ ਨਿਰਧਾਰਿਤ ਜੁੱਟ ਹੀ ਦਿੱਤੇ ਜਾਣਗੇ। ਹਰ ਵਿਸ਼ੇ ਵਿੱਚ ਨਿਰਧਾਰਤ ਗਿਣਤੀ ਪੂਰੀ ਹੋਣ ਤੋਂ ਬਾਅਦ ਉਹ ਵਿਸ਼ਾ ਨਹੀਂ ਦਿੱਤਾ ਜਾਵੇਗਾ।

10. ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਘੱਟ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਫੇਲ੍ਹ ਵਿਦਿਆਰਥੀ ਮੁੜ ਦਾਖਲ ਨਹੀਂ ਕੀਤੇ ਜਾਣਗੇ।

11. ਦਸਵੀਂ ਤੱਕ ਦੀ ਪੜ੍ਹਾਈ ਕਿਸੇ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਨ ਵਾਲੇ ਉਮੀਦਵਾਰ ਨੂੰ ਹੀ ਪੇਂਡੂ ਮੰਨਿਆ ਜਾਵੇਗਾ।

12. ਜੇਕਰ ਕੋਈ ਵਿਦਿਆਰਥੀ ਕਿਸੇ ਹੋਰ ਯੂਨੀਵਰਸਿਟੀ ਤੋਂ ਕੋਈ ਸਮੈਸਟਰ ਪਾਸ ਕਰਨ ਉਪਰੰਤ ਇਸ ਕਾਲਜ ਵਿਖੇ ਦਾਖਲਾ ਲੈਂਦਾਂ ਹੈ ਤਾਂ ਆਪਣੀ ਪਿਛਲੀ ਯੂਨੀਵਰਸਿਟੀ ਤੋਂ ਪਾਸ ਕੀਤੇ ਸਾਰੇ ਸਮੈਸਟਰਾਂ ਅਤੇ ਵਿਸ਼ਿਆਂ ਦਾ ਸਲੇਬਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਜਮ੍ਹਾਂ ਕਰਾ ਕੇ ਆਪਣੇ ਡੈਪੀਸ਼ੈਂਟ ਪੇਪਰਾਂ ਦਾ ਫੈਸਲਾ ਕਰਵਾਉਣ ਦੀ ਜਿੰਮੇਵਾਰੀ ਉਸ ਵਿਦਿਆਰਥੀ ਦੀ ਹੋਵੇਗੀ।

## ਰਾਖਵੀਆਂ ਸੀਟਾਂ:

ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਤੇ ਹੋਰ ਵਰਗਾਂ ਦੀਆਂ ਰਾਖਵੀਆਂ ਸੀਟਾਂ ਦਾ ਵੇਰਵਾ :

| | | | |
|---|---|---|---|
| 1. ਅਨੁਸੂਚਿਤ ਜਾਤੀ/ਜਨਜਾਤੀ | 25% | 2. ਪਿਛੜੀਆਂ ਸ਼੍ਰੇਣੀਆਂ | 10% |
| 3. ਬਾਰਡਰ ਏਰੀਆ/ਪਛੜਿਆ ਇਲਾਕਾ | 2% | 4. ਉਚ ਕੋਟੀ ਦੇ ਖਿਡਾਰੀ | 5 ਸੀਟਾਂ |
| 5. ਸੁਤੰਤਰਤਾ ਸੰਗ੍ਰਾਮੀ, ਰਾਜਨੀਤਕ ਪੀੜਤ | 2% | 6. ਅਪੰਗ ਵਿਅਕਤੀ | 3% |
| 7. ਫੌਜੀਆਂ ਦੇ ਬੱਚੇ/ਵਿਧਵਾਵਾਂ | 2% | (ਅੰਨ੍ਹੇ 1%, ਗੂੰਗੇ/ਬੋਲੇ 1%, ਦੂਸਰੇ ਅਪੰਗ 1%) | |
| 8. ਅਰਧ ਫੌਜੀਆਂ ਦੇ ਬੱਚੇ/ਵਿਧਵਾਵਾਂ | 2% | 9. ਦੰਗਾ ਪੀੜਤ | 2% |
| 10. ਵਿਧਵਾ/ਤਲਾਕਸ਼ੁਦਾ ਔਰਤਾਂ | 2% | 11. ਕਸ਼ਮੀਰੀ ਉਮੀਦਵਾਰਾਂ ਲਈ | 2 ਸੀਟਾਂ |

### ਹਾਜ਼ਰੀਆਂ ਅਤੇ ਪੁਨਰ ਦਾਖਲਾ

**ਜੇਕਰ ਕੋਈ ਵਿਦਿਆਰਥੀ ਛੁੱਟੀ ਲਏ ਬਿਨਾਂ ਕਾਲਜ ਤੋਂ ਇੱਕ ਪੀਰੀਅਡ ਗੈਰਹਾਜ਼ਰ ਹੈ ਤਾਂ 25 ਪੈਸੇ ਅਤੇ ਸਾਰਾ ਦਿਨ ਗੈਰਹਾਜਰ ਹੈ ਤਾਂ 50 ਪੈਸੇ ਜੁਰਮਾਨਾ ਵਸੂਲ ਕੀਤਾ ਜਾਵੇਗਾ। ਲਗਾਤਾਰ ਦਸ ਦਿਨ ਤੱਕ ਕਿਸੇ ਵੀ ਵਿਸ਼ੇ ਦੀ ਕਲਾਸ ਵਿੱਚੋਂ ਬਿਨਾਂ ਛੁੱਟੀ ਤੋਂ ਗੈਰਹਾਜ਼ਰ ਰਹਿੰਦਾ ਹੈ, ਤਾਂ ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ। ਜੇਕਰ ਨਾਮ ਕੱਟ ਜਾਣ ਤੋਂ ਦੋ ਹਫਤਿਆਂ ਅੰਦਰ ਵਿਦਿਆਰਥੀ ਮੁੜ ਦਾਖਲੇ ਲਈ ਬੇਨਤੀ ਕਰਦਾ ਹੈ ਤਾਂ ਪ੍ਰਿੰਸੀਪਲ ਦੀ ਆਗਿਆ ਨਾਲ ਉਸ ਨੂੰ ਮੁੜ-ਦਾਖਲਾ ਫੀਸ ਨਾਲ ਦਾਖਲ ਕੀਤਾ ਜਾ ਸਕਦਾ ਹੈ। ਇਸ ਤੋਂ ਵੱਧ ਸਮਾਂ ਬੀਤ ਜਾਣ ਤੇ ਉਸਨੂੰ ਦਾਖਲ ਨਹੀਂ ਕੀਤਾ ਜਾਵੇਗਾ।**

**ਜੇਕਰ ਕੋਈ ਵਿਦਿਆਰਥੀ ਹਰ ਵਿਸ਼ੇ ਦੇ 75% ਲੈਕਚਰਾਂ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।**

## ਦਾਖਲੇ ਸੰਬੰਧੀ ਜ਼ਰੂਰੀ ਨੋਟ

1. ਬੀ.ਏ., ਬੀ. ਐਸ ਸੀ., ਬੀ.ਕਾਮ., ਬੀ.ਕਾਮ. ਆਨਰਜ਼ ਅਤੇ ਬੀ.ਸੀ.ਏ. ਕੋਰਸਾਂ ਦੇ ਸਮੈਸਟਰ II ਦੇ ਵਿਦਿਆਰਥੀਆਂ ਲਈ 'H **Drug Abuse Problem, Managment And Prevention** ਅਤੇ ਸਮੈਸਟਰ III ਦੇ ਵਿਦਿਆਰਥੀਆਂ ਲਈ ਵਾਤਾਵਰਣ ਅਤੇ ਸੜਕ ਸੁਰੱਖਿਆ ਦੇ ਵਿਸ਼ੇ ਲਾਜ਼ਮੀ ਹੋਣਗੇ।
2. ਸੈਸ਼ਨ ਦੌਰਾਨ ਕੋਈ ਵੀ ਕਲਾਸ ਜਾਂ ਵਿਸ਼ਾ ਤਾਂ ਹੀ ਸ਼ੁਰੂ ਹੋਵੇਗਾ ਜੇਕਰ ਉਸ ਵਿੱਚ ਘੱਟ ਤੋਂ ਘੱਟ 25 ਵਿਦਿਆਰਥੀ ਦਾਖਲ ਹੋਣਗੇ।
3. ਜਿਹੜੇ ਵਿਦਿਆਰਥੀ ਪੰਜਾਬ ਰਾਜ ਤੋਂ ਬਾਹਰੋਂ ਦਸਵੀਂ ਦੀ ਪ੍ਰੀਖਿਆ ਪਾਸ ਕਰਕੇ ਆਏ ਹਨ ਜਾਂ ਜਿਨ੍ਹਾਂ ਦੇ ਮਾਂ-ਬਾਪ ਸੁੱਰਖਿਆ ਸੈਨਾਵਾਂ ਵਿੱਚ ਹਨ, ਉਹ ਪੰਜਾਬੀ ਲਾਜ਼ਮੀ ਦੀ ਜਗ੍ਹਾ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੋ ਵਿਦਿਆਰਥੀ ਹੋਰ ਯੂਨੀਵਰਸਿਟੀ ਤੋਂ ਮਾਈਗ੍ਰੇਟ ਹੋ ਕੇ ਦਾਖਲ ਹੁੰਦੇ ਹਨ ਉਨ੍ਹਾਂ ਦੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ/ਪ੍ਰਵਾਨਗੀ ਸਬੰਧੀ ਸਿਲੇਬਸ ਅਤੇ ਸਰਟੀਫਿਕੇਟਾਂ ਦੀ ਕਾਪੀ ਸਮੇਤ ਕੇਸ ਬਣਾ ਕੇ ਭੇਜਿਆ ਜਾਵੇ।

   ਅਜਿਹੇ ਵਿਦਿਆਰਥੀ ਆਪਣੇ ਕੇਸ ਮੁਕੰਮਲ ਦਸਤਾਵੇਜਾਂ ਸਹਿਤ ਯੂਨੀਵਰਸਿਟੀ ਦੇ ਡੀਨ ਕਾਲਜ ਵਿਕਾਸ ਕੌਂਸਲ ਦੇ ਦਫ਼ਤਰ ਨੂੰ ਪ੍ਰਵਾਨਗੀ ਹਿੱਤ ਭੇਜਣੇ ਯਕੀਨੀ ਬਣਾਉਣ। ਆਖਰੀ ਤਰੀਕ ਲੰਘਣ ਉਪਰੰਤ ਕੋਈ ਕੇਸ ਵਿਚਾਰਿਆ ਨਹੀਂ ਜਾਵੇਗਾ।

   ਇਸ ਉਪਰੰਤ ਕੋਈ ਕੇਸ ਵਿਚਾਰਿਆ ਨਹੀਂ ਜਾਵੇਗਾ।
4. ਯੂਨੀਵਰਸਿਟੀ ਵਲੋਂ ਕਿਸੇ ਵੀ ਕਲਾਸ ਦੇ ਵਿਸ਼ਿਆਂ ਵਿੱਚ ਕੀਤੀ ਕੋਈ ਵੀ ਤਬਦੀਲੀ ਨੋਟਿਸ ਬੋਰਡ ਉੱਤੇ ਲਗਾ ਦਿੱਤੀ ਜਾਵੇਗੀ, ਜਿਸ ਦੀ ਪਾਲਣਾ ਲਾਜ਼ਮੀ ਹੋਵੇਗੀ।
5. ਆਖਰੀ ਤਰੀਕ ਲੰਘਣ ਉਪਰੰਤ ਕੋਈ ਦਾਖ਼ਲਾ ਨਹੀਂ ਹੋਵੇਗਾ।

## ਬੀ. ਏ. ਸਮੈਸਟਰ I ਅਤੇ III ਅਤੇ V (ਪ੍ਰਤੀ ਸਮੈਸਟਰ 240 ਸੀਟਾਂ)

ਬੀ.ਏ ਤਿੰਨ ਸਾਲਾ ਡਿਗਰੀ ਕੋਰਸ ਹੈ ਜਿਸ ਵਿੱਚ ਕੁਲ VI ਸਮੈਸਟਰ ਹੋਣਗੇ (ਹਰੇਕ ਸਾਲ ਦੋ ਸਮੈਸਟਰ)। ਸਮੈਸਟਰ I ਵਿੱਚ ਦਾਖਲਾ ਉਨ੍ਹਾਂ ਉਮੀਦਵਾਰਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ 10 + 2 ਜਾਂ ਇਸਦੇ ਬਰਾਬਰ ਦੇ ਇਮਤਿਹਾਨ ਪਾਸ ਕੀਤੇ ਹਨ। ਸਮੈਸਟਰ III ਅਤੇ V ਵਿੱਚ ਦਾਖਲਾ ਉਨ੍ਹਾਂ ਵਿਦਿਆਰਥੀਆਂ ਦਿੱਤਾ ਜਾਵੇਗਾ ਜਿਨ੍ਹਾਂ ਨੇ ਪਿਛਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਪਾਸ ਕਰ ਲਏ ਹੋਣ। ਇਨਾਂ ਕਲਾਸਾਂ ਦਾ ਹਰ ਵਿਦਿਆਰਥੀ ਲਾਜ਼ਮੀ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਤੋਂ ਇਲਾਵਾ ਹੇਠ ਲਿਖੇ ਵਿਸ਼ਿਆਂ ਦੇ ਜੁੱਟਾਂ ਵਿੱਚੋਂ ਇੱਕ-ਇੱਕ ਵਿਸ਼ਾ ਚੁਣ ਕੇ ਕੋਈ ਤਿੰਨ ਹੋਰ (ਕੁੱਲ ਪੰਜ) ਵਿਸ਼ਿਆਂ ਦੀ ਪੜ੍ਹਾਈ ਕਰੇਗਾ :-

| ੳ | ਅ | ੲ | ਸ | ਹ |
|---|---|---|---|---|
| ਪੰਜਾਬੀ ਸਾਹਿਤ | ਫਾਈਨ ਆਰਟਸ | ਇਤਿਹਾਸ | ਭੂਗੋਲ | ਲੋਕ ਪ੍ਰਸ਼ਾਸਨ |
| ਹਿੰਦੀ ਸਾਹਿਤ | ਸਮਾਜ ਸ਼ਾਸਤਰ | ਗਣਿਤ | ਰਾਜਨੀਤੀ ਵਿਗਿਆਨ | ਹੋਮ ਸਾਇੰਸ |
| ਅੰਗਰੇਜੀ ਸਾਹਿਤ | ਅਰਥ ਸ਼ਾਸਤਰ | | ਸੰਗੀਤ ਗਾਇਣ | ਸਰੀਰਕ ਸਿੱਖਿਆ |
| | | | ਕੰਪਿਊਟਰ ਸਾਇੰਸ | |

ਜ਼ਰੂਰੀ ਨੋਟ :- ਦੋ ਤੋਂ ਵੱਧ ਪ੍ਰੈਕਟੀਕਲ ਵਾਲੇ ਵਿਸ਼ੇ ਨਹੀਂ ਲਏ ਜਾ ਸਕਦੇ। ਸਮਾਜ ਸ਼ਾਸਤਰ ਪ੍ਰੈਕਟੀਕਲ ਵਿਸ਼ਾ ਹੈ।

## ਬੀ. ਐਸ ਸੀ. ਸਮੈਸਟਰ I, III, ਅਤੇ V (ਪ੍ਰਤੀ ਸਮੈਸਟਰ 30 ਸੀਟਾਂ)

ਨੋਟ: ਉਮੀਦਵਾਰ ਨੇ ਕਿਸੇ ਪ੍ਰਵਾਨਿਤ ਸੰਸਥਾ ਤੋਂ ਨਾਨ-ਮੈਡੀਕਲ ਦੇ ਵਿਸ਼ਿਆਂ (ਗਣਿਤ, ਫਿਜ਼ਿਕਸ, ਕੈਮਿਸਟਰੀ) ਨਾਲ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ। ਹਰ ਕਲਾਸ ਵਿੱਚ ਪੰਜਾਬੀ ਲਾਜ਼ਮੀ/ਪੰਜਾਬੀ ਮੁੱਢਲਾ ਗਿਆਨ ਤੋਂ ਇਲਾਵਾ ਹੇਠ ਲਿਖੇ ਵਿਸ਼ੇ ਹਨ :

**ਸਮੈਸਟਰ I**
1. ਗਣਿਤ
2. ਫਿਜ਼ਿਕਸ
3. ਕੈਮਿਸਟਰੀ

**ਸਮੈਸਟਰ III**
1. ਗਣਿਤ
2. ਫਿਜ਼ਿਕਸ
3. ਕੈਮਿਸਟਰੀ
4. ਅੰਗਰੇਜ਼ੀ

**ਸਮੈਸਟਰ V**
1. ਗਣਿਤ
2. ਫਿਜ਼ਿਕਸ
3. ਕੈਮਿਸਟਰੀ

## ਬੀ.ਕਾਮ.ਸਮੈਸਟਰ ਪਹਿਲਾ : ਦਾਖਲੇ ਲਈ ਨਿਯਮ ਅਤੇ ਯੋਗਤਾਵਾਂ

ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਸੰਸਥਾ ਤੋਂ 10+2 ਜਾਂ ਇਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਹੇਠ ਲਿਖੀਆਂ ਸ਼ਰਤਾਂ ਸਹਿਤ ਪਾਸ ਕੀਤਾ ਹੋਵੇ :-

(ੳ) ਕਾਮਰਸ ਗਰੁੱਪ ਦੇ ਵਿਦਿਆਰਥੀ ਦੇ ਘੱਟੋ ਘੱਟ 40 ਪ੍ਰਤੀਸ਼ਤ ਕੁੱਲ ਅੰਕ ਹੋਣੇ ਚਾਹੀਦੇ ਹਨ।

(ਅ) ਕਾਮਰਸ/ਅਕਾਊਂਟਸ/ਗਣਿਤ/ਅਰਥ ਸ਼ਾਸਤਰ/ਮੈਨੇਜਮੈਂਟ ਵਿੱਚੋਂ ਵਿਦਿਆਰਥੀ ਨੇ ਘੱਟੋ ਘੱਟ ਦੋ ਵਿਸ਼ਿਆਂ ਨਾਲ 10+2 (ਆਰਟਸ) ਦਾ ਇਮਤਿਹਾਨ 45 ਪ੍ਰਤੀਸ਼ਤ ਅੰਕਾਂ ਨਾਲ ਪਾਸ ਕੀਤਾ ਹੋਵੇ।

(ੲ) ਦੂਜੇ ਕਿਸੇ ਵੀ ਗਰੁੱਪ ਵਿੱਚੋਂ ਘੱਟੋਂ ਘੱਟ 50 ਪ੍ਰਤੀਸ਼ਤ ਅੰਕ ਹੋਣੇ ਚਾਹੀਦੇ ਹਨ।

ਨੋਟ : ਉਮੀਦਵਾਰ ਕੇਵਲ ਯੋਗਤਾ ਪੂਰੀ ਕਰਨ ਨਾਲ ਹੀ ਦਾਖਲੇ ਦਾ ਅਧਿਕਾਰੀ ਨਹੀਂ ਬਣ ਜਾਂਦਾ। ਕਿਉਂਕਿ ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ।

## ਬੀ. ਕਾਮ. ਸਮੈਸਟਰ I, III ਅਤੇ V (ਪ੍ਰਤੀ ਸਮੈਸਟਰ 60 ਸੀਟਾਂ)

### ਇੰਨਵਾਇਰਮੈਂਟ ਅਤੇ ਸੜਕ ਸੁਰੱਖਿਆ ਦਾ ਵਿਸ਼ਾ ਕੇਵਲ IV ਸਮੈਸਟਰ ਵਿੱਚ ਹੀ ਹੋਵੇਗਾ।

**ਵਿਸ਼ੇ/ (SUBJECTS)**

**B.COM. SEMESTER-I**
1. ਪੰਜਾਬੀ ਕੰਪਲਸਰੀ/ਮੁਢਲਾ ਗਿਆਨ
2. ਅੰਗ੍ਰੇਜ਼ੀ (ਕੋਮਿਉਨਿਕੇਸ਼ਨ ਸਕਿਲਸ)
3. ਫਾਇਨੈਂਸ਼ਅਲ ਅਕਾਊਂਟਿੰਗ
4. ਬਿਜਨਸ ਲਾਅ-I
5. ਅਰਥਸ਼ਾਸਤਰ ਦੇ ਨਿਯਮ-I
6. ਕੰਪਿਊਟਰ ਐਪਲੀਕੇਸ਼ਨ ਇਨ ਬਿਜਨਸ

**B.COM. SEMESTER-III**
1. ਪੰਜਾਬੀ ਕੰਪਲਸਰੀ/ਮੁਢਲਾ ਗਿਆਨ
2. ਅੰਗ੍ਰੇਜ਼ੀ (ਕੋਮਿਉਨਿਕੇਸ਼ਨ ਸਕਿਲਸ)
3. ਪ੍ਰਿੰਸੀਪਲ ਔਫ ਬਿਜਨਸ ਮੈਨੇਜ਼ਮੈਂਟ
4. ਕੋਰਪੋਰੇਟ ਅਕਾਊਂਟਿੰਗ
5. ਇੰਨਕਮ ਟੈਕਸ ਦੇ ਲਾਅ
6. ਬਿਜਨਸ ਸਟੇਟਿਸਟਿਕਸ

**B.COM. SEMESTER-V**
1. ਪੰਜਾਬੀ ਕੰਪਲਸਰੀ/ਮੁਢਲਾ ਗਿਆਨ
2. ਮੈਨੇਜ਼ਮੈਂਟ ਅਕਾਊਂਟਿੰਗ
3. ਕੋਂਸਟ ਅਕਾਊਂਟਿੰਗ
4. ਇੰਨਡਰੈਕਟ ਟੈਕਸ
5. ਗਵਰਨੈਂਸ, ਐਥਿਕਸ ਅਤੇ ਸੋਸ਼ਲ ਰਿਸਪੋਂਸੀਬਿਲਿਟੀ ਦੇ ਬਿਜਨਸ
6. ਆਪਸ਼ਨ ਪੇਪਰ (ਕੋਈ ਵੀ 1)
   1. ਫਾਇਨਾਂਸ : ਕੋਰਪੋਰੇਟ ਫਾਇਨਾਂਸ
   2. ਮਾਰਕੀਟਿੰਗ : ਪ੍ਰਿੰਸੀਪਲਜ਼ ਔਫ ਮਾਰਕੀਟਿੰਗ
   3. ਬੈਂਕਿੰਗ ਐਂਡ ਇਨਸ਼ੋਰੈਂਸ : ਮਨੀ ਐਂਡ ਬੈਂਕਿੰਗ
   4. ਈ-ਕਮਰਸ : ਅਸ਼ੈਨਸ਼ਲਸ ਔਫ ਈ-ਕਮਰਸ

# SELF FINANCED COURSES

## ਬੀ.ਕਾਮ. ਆਨਰਜ਼ ਸਮੈਸਟਰ I, III ਅਤੇ V (ਪ੍ਰਤੀ ਸਮੈਸਟਰ 60 ਸੀਟਾਂ)

**ਬੀ. ਕਾਮ ਸਮੈਸਟਰ * ਵਾਲੀਆਂ ਸ਼ਰਤਾਂ ਲਾਗੂ ਹੋਣਗੀਆਂ। ਇਨ੍ਹਾਂ ਕੋਰਸਾਂ ਦੇ ਪੇਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਜਾਰੀ ਕੀਤੇ ਸਲੇਬਸ ਅਨੁਸਾਰ ਹੋਣਗੇ। ਸਮੈਸਟਰ III*ਅਤੇ V ਵਿੱਚ ਦਾਖਲ ਹੋਣ ਲਈ ਪਿਛਲੇ ਸਮੈਸਟਰਾਂ ਦੇ 50% ਪੇਪਰ ਪਾਸ ਹੋਣੇ ਲਾਜ਼ਮੀ ਹਨ।**

## ਬੀ.ਸੀ.ਏ.: ਸਮੈਸਟਰ-I, III ਅਤੇ V (ਪ੍ਰਤੀ ਸਮੈਸਟਰ 40 ਸੀਟਾਂ)

**ਉਹ ਵਿਦਿਆਰਥੀ ਜਿਨ੍ਹਾਂ ਨੇ 10+2 ਪਾਸ ਕੀਤੀ ਹੈ ਉਹ ਇਸ ਕੋਰਸ ਵਿੱਚ ਦਾਖਲ ਲੈਣ ਦੇ ਯੋਗ ਹਨ। ਪੰਜਾਬੀ ਵਿਸ਼ੇ ਨੂੰ ਛੱਡ ਕੇ ਬਾਕੀ ਕੋਰਸ ਦੀ ਪੜ੍ਹਾਈ ਅਤੇ ਪ੍ਰੀਖਿਆ ਅੰਗ੍ਰੇਜ਼ੀ ਮਾਧਿਅਮ ਵਿੱਚ ਹੋਵੇਗੀ।**

**BCA Semester I-Subjects:**

1. General English
2. Punjabi (Compulsory)
   or Punjabi Compulsory (Mudla Gyan)
3. Fundamentals of Information Technology.
4. Programming Fundamentals using C
5. Software Lab –I (Windows and Office Automation)
6. Software Lab – II (Based on paper "Programming Fundamentals using C")

**BCA Semester V-Subjects:**

1. English Literary Skills – I
2. System Analysis and Design
3. System Software
4. Java Programming
5. Web Designing using HTML and DHTML
6. Software Lab–IX (based on paper BCA-314: Java Programming)
7. Software Lab–X (based on paper BCA-315: Web Designing using HTML and DHTML)
8. Punjabi (Compulsory)/Punjabi Compulsory (Mudla Gyan)

**BCA Semester III-Subjects:**

1. English Communication Skill-I
2. Discret Mathematics
3. Computer System Organization & Architecture
4. Object Oriented Programming using $C^{++}$
5. Fundamentals of Databar Management System
6. Software Lab - V ($C^{++}$)
7. Software Lab - VI (MS Access)

ਨੋਟ:– ਪੰਜਾਬੀ ਯੂਨਿਵਰਸਿਟੀ ਦੇ ਸੋਧੇ ਹੋਏ ਨਿਯਮਾਂ ਮੁਤਾਬਿਕ (ਪੱਤਰ ਨੰ: 12737-128860/ਓ. ਐਸ. ਕਾਲਜਾਂ, ਮਿਤੀ 21-12-1998) ਡਾਕਟਰੀ, ਇੰਜਨੀਅਰਿੰਗ, ਵਿਗਿਆਨ, ਕਾਮਰਸ ਅਤੇ ਹੋਰ ਤਕਨੀਕੀ ਵਿਸ਼ਿਆਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਿਕਾ ਪਾਸ ਕਰਨੀ ਲਾਜ਼ਮੀ ਹੋਵੇਗੀ।

## ਫੀਸ ਮੁਆਫੀ

1. ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਭੈਣ/ਭਰਾ ਵਿੱਚੋਂ ਇੱਕ ਦਾ ਪੂਰਾ ਪੀ.ਟੀ.ਏ. ਫੰਡ ਮਾਫ ਕੀਤਾ ਜਾਵੇਗਾ। ਅਜਿਹਾ ਵੱਡੀ ਕਲਾਸ ਵਿਚ ਪੜ੍ਹਦੇ ਭਰਾ/ਭੈਣ ਦੁਆਰਾ ਪੂਰੀ ਫੀਸ ਅਤੇ ਪੂਰਾ ਪੀ.ਟੀ.ਏ. ਫੰਡ ਅਦਾ ਕਰਨ ਦੀ ਸੂਰਤ ਵਿਚ ਕੀਤਾ ਜਾਵੇਗਾ।
2. ਅਨੁਸੂਚਿਤ ਜਾਤੀਆਂ/ਕਬੀਲਿਆਂ ਅਤੇ ਪਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਦੀ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਫੀਸ ਮਾਫ ਕੀਤੀ ਜਾਂਦੀ ਹੈ। ਇਸ ਮਨੋਰਥ ਲਈ ਦਾਖਲਾ ਫੀਸ ਦੇਣ ਸਮੇਂ ਫਸਟ ਕਲਾਸ ਮੈਜਿਸਟਰੇਟ/ ਤਹਿਸੀਲਦਾਰ ਕੋਲੋਂ ਜਾਤੀ ਤੇ ਆਮਦਨੀ ਸਰਟੀਫਿਕੇਟ ਲੋੜ ਅਨੁਸਾਰ ਲੈ ਕੇ ਦੇਣਾ ਜ਼ਰੂਰੀ ਹੈ।

## ਵਜ਼ੀਫੇ ਅਤੇ ਐਵਾਰਡ

ਕਾਲਜ ਵਿਖੇ ਅਨੁਸੂਚਿਤ ਜਾਤੀ, ਘੱਟ ਗਿਣਤੀ, ਪੱਛੜੀ ਸ਼੍ਰੇਣੀ, ਵਿਮੁਕਤ ਜਾਤੀ, ਦੰਗਾਂ ਪੀੜਤਾਂ, ਖਿਡਾਰੀਆਂ ਅਤੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਅਨੇਕਾਂ ਹੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੁਆਰਾ ਦਿੱਤੇ ਜਾਣ ਵਾਲੇ ਵਜੀਫਿਆ ਦੀਆਂ ਸਕੀਮਾਂ ਉਪਲੱਬਧ ਹਨ।

ਵਜੀਫਾ ਲੈਣ ਦੇ ਹੱਕਦਾਰ ਵਿਦਿਆਰਥੀ ਦਾਖਲਾ ਲੈਣ ਉਪਰੰਤ ਫੀਸ ਭਰਨ ਤੋਂ ਪਹਿਲਾਂ ਸਬੰਧਿਤ ਜਾਤੀ, ਪਰਿਵਾਰ ਦੀ ਸਾਲਾਨਾ ਆਮਦਨ ਦਾ ਨਵੀਨਤਮ ਸਰਟੀਫਿਕੇਟ, ਅਧਾਰ ਕਾਰਡ, ਬੈਂਕ ਅਕਾਊਂਟ ਨੰ., ਬੈਂਕ ਦਾ IFS Code, ਰਿਹਾਇਸ਼ ਦਾ ਸਬੂਤ ਅਤੇ ਹੋਰ ਸਬੰਧਿਤ ਸਰਟੀਫਿਕੇਟ ਲੈ ਕੇ ਸਕਾਲਰਸ਼ਿਪ ਕਮੇਟੀ ਅੱਗੇ ਪੇਸ਼ ਹੋਣ।

ਨੋਟ: ਵਜੀਫਿਆਂ ਸਬੰਧੀ ਸਮੇਂ ਸਮੇਂ ਤੇ ਸਰਕਾਰੀ ਨਿਯਮਾਂ ਵਿਚਲੀ ਤਬਦੀਲੀ ਇੰਨ ਬਿੰਨ ਲਾਗੂ ਹੋਵੇਗੀ।

**ਨੋਟ- ਭਾਰਤ ਸਰਕਾਰ ਦੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਯੋਗ ਅਨੁਸੂਚਿਤ ਜਾਤੀ ਵਿਦਿਆਰਥੀਆਂ ਤੋਂ ਦਾਖਲਾ ਫੀਸ/ਟਿਊਸ਼ਨ ਫੀਸ ਅਤੇ ਹੋਰ ਨੋਨ ਰਿਫੰਡੇਬਲ ਫੀਸਾਂ ਚਾਰਜ ਨਹੀਂ ਕੀਤੀਆਂ ਜਾਣਗੀਆਂ। ਇਸ ਸਬੰਧੀ ਸਰਕਾਰੀ ਨੀਤੀ ਵਿੱਚ ਤਬਦੀਲੀ ਹੋਣ ਦੀ ਸੂਰਤ ਵਿੱਚ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।**

## ਸੱਭਿਆਚਾਰਕ ਸਰਗਰਮੀਆਂ ਅਤੇ ਸਭਾਵਾਂ

ਕਾਲਜ ਵਿਚ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਤੋਂ ਇਲਾਵਾ ਬਹੁਤ ਸਾਰੀਆਂ ਸਹਿ-ਪਾਠਕ੍ਰਮ ਸਰਗਰਮੀਆਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਕਲੱਬ ਅਤੇ ਵਿਸ਼ਾ ਸਭਾਵਾਂ, ਇਸ ਕਾਲਜ ਵਿੱਚ ਕੰਮ ਕਰਦੀਆਂ ਹਨ। ਇਹਨਾਂ ਵੱਲੋਂ ਵਿਦਿਅਕ ਅਤੇ ਸਭਿਆਚਾਰਕ ਕਾਰਜ, ਜਿਵੇਂ ਨਾਟਕ, ਕਾਵਿ-ਉਚਾਰਣ, ਸੰਗੀਤ, ਵਾਦ-ਵਿਵਾਦ, ਭਾਸ਼ਣ ਪ੍ਰਤੀਯੋਗਤਾ, ਪੇਪਰ ਪੜ੍ਹਨ, ਪੇਂਟਿੰਗ ਆਦਿ ਮੁਕਾਬਲੇ ਕਰਵਾਏ ਜਾਂਦੇ ਹਨ। ਅੰਤਰ ਕਾਲਜ ਪ੍ਰਤਿਯੋਗਤਾ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਦੂਸਰੇ ਕਾਲਜਾਂ ਵਿਚ ਅਜਿਹੀਆਂ ਪ੍ਰਤੀਯੋਗਤਾਵਾਂ ਵਿਚ ਭਾਗ ਲੈਣ ਲਈ ਭੇਜੇ ਜਾਂਦੇ ਹਨ। ਯੂਨੀਵਰਸਿਟੀ ਯੁਵਕ ਮੇਲਿਆਂ ਵਿਚ ਹਰ ਸਾਲ ਸਾਡਾ ਕਾਲਜ ਭਾਗ ਲੈਂਦਾ ਹੈ ਅਤੇ ਚੰਗੀਆਂ ਪ੍ਰਾਪਤੀਆਂ ਕਰਦਾ ਹੈ।

## ਲਾਇਬਰੇਰੀ ਅਤੇ ਇਸਦੇ ਨਿਯਮ

ਕਾਲਜ ਲਾਇਬਰੇਰੀ ਵਿਚ 17000 ਤੋਂ ਵੱਧ ਪੁਸਤਕਾਂ ਹਨ ਪੁਸਤਕਾਂ ਕੇਵਲ ਸਟਾਫ ਮੈਂਬਰਾਂ ਅਤੇ ਰੈਗੂਲਰ ਵਿਦਿਆਰਥੀਆਂ ਨੂੰ ਹੀ ਜਾਰੀ ਕੀਤੀਆਂ ਜਾਂਦੀਆ ਹਨ। ਕਿਸੇ ਨੂੰ ਵੀ ਲਾਇਬਰੇਰੀ ਤੋਂ ਪੁਸਤਕਾਂ ਕਢਵਾ ਕੇ ਅੱਗੇ ਕਿਸੇ ਹੋਰ ਨੂੰ ਦੇਣ ਦੀ ਆਗਿਆ ਨਹੀਂ ਹੈ।

**ਲਾਇਬਰੇਰੀ ਦੇ ਕੁਝ ਹੇਠ ਲਿਖੇ ਨਿਯਮ :-**

1. ਲਾਇਬਰੇਰੀ ਕਾਲਜ ਦੇ ਸਾਰੇ ਕੰਮ ਵਾਲੇ ਦਿਨਾਂ ਵਿਚ ਕਾਲਜ ਦੇ ਸਮੇਂ ਅਨੁਸਾਰ ਖੁੱਲ੍ਹੀ ਰਹੇਗੀ, ਪਰ ਪੁਸਤਕਾਂ ਕਢਵਾਉਣ ਅਤੇ ਵਾਪਸ ਕਰਨ ਦਾ ਸਮਾਂ ਅਤੇ ਦਿਨ ਸੰਸਥਾ ਵੱਲੋਂ ਨਿਸ਼ਚਤ ਕੀਤਾ ਜਾਵੇਗਾ।
2. ਇੱਕ ਵਿਦਿਆਰਥੀ ਦੋ ਹਫ਼ਤਿਆਂ ਲਈ ਇਕੋਂ ਸਮੇਂ ਤਿੰਨ ਪੁਸਤਕਾਂ ਆਪਣੇ ਨਾਂ ਉਤੇ ਲੈ ਸਕਦਾ ਹੈ।
3. 14 ਦਿਨਾਂ ਦੇ ਬਾਅਦ ਪੁਸਤਕ/ਪੁਸਤਕਾਂ ਵਾਪਸ ਕਰਨ ਤੇ ਹਰੇਕ ਵਿਦਿਆਰਥੀ ਤੋਂ 10 ਪੈਸੇ ਪ੍ਰਤੀ ਪੁਸਤਕ ਪ੍ਰਤੀ ਰੋਜ਼ ਦੇ ਹਿਸਾਬ ਨਾਲ ਜ਼ੁਰਮਾਨਾ ਲਿਆ ਜਾਵੇਗਾ। ਪਰੰਤੂ ਪੱਤਝੜ੍ਹ ਅਤੇ ਸਰਦੀਆਂ ਦੀਆਂ ਛੁੱਟੀਆਂ ਵਿਚ ਕਿਤਾਬਾਂ, ਕਾਲਜ ਖੁੱਲ੍ਹਣ ਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ।
4. ਕਢਵਾਈ ਗਈ ਪੁਸਤਕ ਜੇ ਕਰ ਕਿਸੇ ਹੋਰ ਨੂੰ ਨਹੀਂ ਚਾਹੀਦੀ ਤਾਂ ਦੁਬਾਰਾ ਕਢਵਾਈ ਜਾ ਸਕਦੀ ਹੈ।
5. ਪੁਸਤਕ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਉਸਦੀ ਨਵੀਂ ਕੀਮਤ, 1/3 ਵਾਧੇ ਸਮੇਤ, ਭਰਨੀ ਪਵੇਗੀ।
6. ਰੈਫਰੈਂਸ ਬੁਕ/ਸਿਲੇਬਸ ਅਤੇ ਮੈਗਜ਼ੀਨ ਲਾਇਬਰੇਰੀ ਵਿਚ ਆਪਣੇ ਸ਼ਨਾਖਤੀ ਕਾਰਡ ਜਮ੍ਹਾਂ ਕਰਵਾਕੇ ਉਥੇ ਹੀ ਬੈਠ ਕੇ ਪੜ੍ਹਨ ਲਈ ਮਿਲ ਸਕਦੇ ਹਨ।

## ਸ਼ਨਾਖਤੀ ਕਾਰਡ

ਕਾਲਜ ਵਿਚ ਦਾਖਲਾ ਲੈਣ ਤੋਂ ਬਾਅਦ ਹਰੇਕ ਵਿਦਿਆਰਥੀ ਦਾ ਫਰਜ਼ ਹੈ ਕਿ ਉਹ ਲਾਇਬਰੇਰੀ ਤੋਂ ਆਪਣਾ ਸ਼ਨਾਖਤੀ ਕਾਰਡ ਛੇਤੀ ਪ੍ਰਾਪਤ ਕਰੇ। ਉਸਨੂੰ ਹਰ ਸਮੇਂ ਕਾਲਜ ਕੈਂਪਸ ਵਿਚ ਆਪਣੇ ਪਾਸ ਰੱਖੇ ਤਾਂ ਜੋ ਕਾਲਜ ਅਧਿਕਾਰੀਆਂ ਨੂੰ ਮੰਗਣ ਤੇ ਵਿਖਾਇਆ ਜਾ ਸਕੇ। ਗੁੰਮ ਹੋ ਜਾਣ ਤੇ ਡੁਪਲੀਕੇਟ ਸ਼ਨਾਖਤੀ ਕਾਰਡ ਨਿਸ਼ਚਿਤ ਫੀਸ ਜਮ੍ਹਾਂ ਕਰਵਾਉਣ ਤੇ ਹੀ ਜਾਰੀ ਹੋਵੇਗਾ।

## ਪੀ.ਟੀ.ਏ. (ਮਾਪੇ-ਅਧਿਆਪਕ ਸੰਸਥਾ)

ਵਿਦਿਆਰਥੀਆਂ ਦੀ ਭਲਾਈ ਲਈ ਵੱਖ-ਵੱਖ ਕਦਮ ਚੁੱਕਣ ਹਿੱਤ, ਸਰਕਾਰ ਵਲੋਂ ਨਿਰਧਾਰਤ ਸੰਵਿਧਾਨ ਮੁਤਾਬਕ ਹਰ ਸਾਲ ਪੀ.ਟੀ.ਏ. ਬਣਾਈ ਜਾਂਦੀ ਹੈ। ਇਸ ਸੰਸਥਾ ਵਿੱਚ ਕੇਵਲ ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਅਧਿਆਪਕ ਹੀ ਮੈਂਬਰ ਬਣ ਸਕਦੇ ਹਨ। ਹਰ ਸੈਸ਼ਨ ਦੇ ਸ਼ੁਰੂ ਵਿੱਚ ਇਸ ਸੰਸਥਾ ਦੀ ਜਨਰਲ ਬਾਡੀ ਦੀ ਮੀਟਿੰਗ ਕਰਕੇ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਇਹ ਕਮੇਟੀ ਸਾਰਾ ਸਾਲ ਵਿਦਿਆਰਥੀ ਭਲਾਈ ਹਿੱਤ ਸਰਬਸੰਮਤੀ ਨਾਲ ਭਿੰਨ-ਭਿੰਨ ਫੈਸਲੇ ਲੈਂਦੀ ਹੈ। ਇਸ ਫੰਡ ਵਿੱਚੋਂ ਸਾਰਾ ਖਰਚਾ ਇਸ ਕਮੇਟੀ ਦੀ ਪ੍ਰਵਾਨਗੀ ਨਾਲ ਕੀਤਾ ਜਾਂਦਾ ਹੈ ਅਤੇ ਸੈਸ਼ਨ ਖਤਮ ਹੋਣ ਤੇ ਲੇਖਾ ਰਜਿਸਟਰਡ ਚਾਰਟਰਡ ਅਕਾਊਂਟੈਂਟ ਤੋਂ ਆਡਿਟ ਕਰਵਾਇਆ ਜਾਂਦਾ ਹੈ। ਇਸ ਸਬੰਧੀ ਸਰਕਾਰ ਨੂੰ ਰਿਪੋਰਟ ਭੇਜੀ ਜਾਂਦੀ ਹੈ। ਕਾਲਜ ਅਤੇ ਵਿਦਿਆਰਥੀਆਂ ਦੇ ਵਿਕਾਸ ਵਿੱਚ ਪੀ.ਟੀ.ਏ. ਹਰ ਸਾਲ ਮਹੱਤਵ ਪੂਰਨ ਯੋਗਦਾਨ ਪਾਉਂਦੀ ਹੈ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (ਐਚ.ਈ.ਆਈ.ਐਸ)

ਇਹ ਇਕ ਰਜ਼ਿਸਟਰਡ ਸੋਸਾਇਟੀ ਹੈ। ਇਸ ਅਧੀਨ ਵੱਖ-ਵੱਖ ਸਵੈ ਵਿੱਤੀ ਕੋਰਸ ਜਿਵੇਂ ਕਿ ਬੀ.ਕਾਮ. ਆਨਰਜ਼, ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਆਦਿ ਚਲਾਏ ਜਾ ਰਹੇ ਹਨ।

## ਰੋਜ਼ਗਾਰ ਸੂਚਨਾ ਅਤੇ ਗਾਈਡੈਂਸ ਕੇਂਦਰ

ਕਾਲਜ ਵਿਖੇ ਰੋਜ਼ਗਾਰ ਜਾਂ ਕਿੱਤਾ ਸੂਚਨਾ ਅਤੇ ਗਾਈਡੈਂਸ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਵੱਖ-ਵੱਖ ਕਿੱਤਿਆਂ ਵਾਸਤੇ ਪੜ੍ਹਨ ਲਈ ਲੋੜੀਂਦੀ ਸਮਗਰੀ ਅਤੇ ਅਗਵਾਈ ਦਿੱਤੀ ਜਾਂਦੀ ਹੈ। ਇਸ ਸਬੰਧ ਵਿਚ ਕੁੱਝ ਲੈਕਚਰ ਵੀ ਕਰਵਾਏ ਜਾਂਦੇ ਹਨ।

## ਸਾਖ਼ਰਤਾ, ਪਾਪੂਲੇਸ਼ਨ ਅਤੇ ਵਾਤਾਵਰਣ ਕਲੱਬ

ਇਹ ਕਲੱਬ ਵਿਦਿਆਰਥੀਆਂ ਨੂੰ ਵਧਦੀ ਅਬਾਦੀ ਅਤੇ ਅਨਪੜ੍ਹਤਾ ਸੰਬੰਧੀ ਜਾਗਰੂਕ ਕਰਦਾ ਹੈ। ਇਸ ਦੇ ਵੱਧ ਤੋਂ ਵੱਧ 50 ਮੈਂਬਰ ਹੋਣਗੇ। ਲੜਕੇ ਅਤੇ ਲੜਕੀਆਂ ਦੋਵੇਂ ਇਸ ਦੇ ਮੈਂਬਰ ਬਣ ਸਕਦੇ ਹਨ। ਉਸਾਰੂ ਸੋਚ ਅਤੇ ਸੇਵਾ ਭਾਵਨਾ ਵਾਲੇ ਵਿਦਿਆਰਥੀ ਪਿੰਡਾ, ਸ਼ਹਿਰਾਂ ਅਤੇ ਕਸਬਿਆਂ ਵਿੱਚ ਜਾ ਕੇ ਲੋਕਾਂ ਨਾਲ ਤਾਲ-ਮੇਲ ਪੈਦਾ ਕਰਕੇ ਉਹਨਾਂ ਨੂੰ ਸਿੱਖਿਅਤ ਕਰਨਗੇ। 5 ਤੋਂ 10 ਵਿਅਕਤੀਆਂ ਨੂੰ ਸਾਖ਼ਰ ਕਰਨ ਵਾਲੇ ਵਿਦਿਆਰਥੀ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ।

## ਯੁਵਕ ਸੇਵਾਵਾਂ ਕਲੱਬ ਅਤੇ ਰੈੱਡ ਰਿਬਨ ਕਲੱਬ

ਕਾਲਜ ਵਿੱਚ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ "ਯੁਵਕ ਸੇਵਾਵਾਂ ਕਲੱਬ" ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਅਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਦੇ ਆਦੇਸ਼ ਅਨੁਸਾਰ "ਰੈੱਡ ਰਿਬਨ ਕਲੱਬ" ਬਣਾਏ ਗਏ ਹਨ।

## ਕਾਨੂੰਨੀ ਸੇਵਾਵਾਂ ਸਹਾਇਤਾ ਸੋਸਾਇਟੀ

ਕਾਨੂੰਨੀ ਸੇਵਾਵਾਂ ਸਹਾਇਤਾ ਅਥਾਰਟੀ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਵਿੱਚ ਇਹ ਸੋਸਾਇਟੀ ਬਣਾਈ ਜਾਂਦੀ ਹੈ। ਜੋ ਵਿਦਿਆਰਥੀਆਂ ਵਿੱਚ ਮੁਫ਼ਤ ਕਾਨੂੰਨੀ ਸੇਵਾਵਾਂ ਮੁੱਹਈਆ ਕਰਵਾਉਣ ਬਾਰੇ ਚੇਤਨਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ।

## ਡਿਜ਼ਾਸਟਰ ਮੈਨੇਜਮੈਂਟ ਕਲੱਬ

ਕਿਸੇ ਵੀ ਤਰ੍ਹਾਂ ਦੀਆਂ ਅਨ-ਸੁੱਖਾਵੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਹਿੱਤ ਇਹ ਕਲੱਬ ਕਾਲਜ ਵਿੱਚ ਬਣਾਇਆ ਜਾਂਦਾ ਹੈ।

## ਐਨ.ਐਸ.ਐਸ.

ਕਾਲਜ ਵਿਚ ਐਨ ਐਸ. ਐਸ. ਅਧੀਨ ਦੋ ਯੂਨਿਟ ਕੰਮ ਕਰਦੇ ਹਨ। ਹਰੇਕ ਯੂਨਿਟ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ, ਜਿਸਦੀ ਅਗਵਾਈ ਹੇਠ ਯੂਨਿਟ ਕੰਮ ਕਰਦੇ ਹਨ। ਹਰੇਕ ਯੂਨਿਟ ਵਿੱਚ 125 ਵਿਦਿਆਰਥੀ ਰਜ਼ਿਸਟਰ ਹੋ ਸਕਦੇ ਹਨ।

## ਸੈਕਸੁਅਲ ਹੈਰਾਸਮੈਂਟ ਅਤੇ ਵੂਮੈਨ ਸੈਲ

ਕਾਲਜ ਵਿੱਚ ਲੜਕੀਆਂ ਦੀ ਸਹਾਇਤਾ ਲਈ ਇੱਕ ਸੈਕਸੁਅਲ ਹੈਰਾਸਮੈਂਟ ਅਤੇ ਵੂਮੈਨ ਸੈਲ ਬਣਾਇਆ ਗਿਆ ਹੈ। ਜੇਕਰ ਵਿਦਿਆਰਥਣਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਆਵੇ ਤਾਂ ਉਹ ਇਸ ਸੈਲ ਦੇ ਮੈਂਬਰਾਂ ਕੋਲ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

## ਟਿਊਟੋਰੀਅਲ ਗਰੁੱਪ

ਕਾਲਜ ਨਾਲ ਵਿਦਿਆਰਥੀਆਂ ਨੂੰ ਜੋੜਨ, ਕਾਲਜ ਨਿਯਮਾਂ ਦੀ ਜਾਣਕਾਰੀ ਦੇਣ, ਅਧਿਆਪਕਾਂ ਨਾਲ ਉਨ੍ਹਾਂ ਦੀ ਸਾਂਝ ਵਧਾਉਣ ਅਤੇ ਸਮੇਂ-ਸਮੇਂ ਤੇ ਭਿੰਨ-ਭਿੰਨ ਗਤੀਵਿਧੀਆਂ ਬਾਰੇ ਦੱਸਣ ਹਿੱਤ, ਹਰ ਸਾਲ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪ ਅਲਾਟ ਕੀਤੇ ਜਾਂਦੇ ਹਨ। ਹਰੇਕ ਗਰੁੱਪ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ। ਗਰੁੱਪ ਦੇ ਮੈਂਬਰ ਵਿਦਿਆਰਥੀ ਅਪਣੇ ਟਿਊਟਰ ਤੋਂ ਲੋੜ ਅਨੁਸਾਰ ਸਲਾਹ ਅਤੇ ਸੇਧ ਲੈ ਸਕਦੇ ਹਨ। ਹਰੇਕ 15 ਦਿਨ ਬਾਅਦ ਟਿਊਟੋਰੀਅਲ ਗਰੁੱਪ ਮੀਟਿੰਗ ਲਈ ਵਿਸ਼ੇਸ਼ ਪੀਰੀਅਡ ਰੱਖਿਆ ਜਾਂਦਾ ਹੈ ਜਿਸ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਹੁੰਦੀ ਹੈ।

## ਬੁੱਕ ਬੈਂਕ

ਕਾਲਜ ਵਿਖੇ ਲਾਇਬ੍ਰੇਰੀ ਵਿੱਚ ਬੁੱਕ ਬੈਂਕ ਚੱਲ ਰਿਹਾ ਹੈ। ਲੋੜਵੰਦ, ਗਰੀਬ ਵਿਦਿਆਰਥੀ ਪੂਰੇ ਸਾਲ ਲਈ ਬੁੱਕ ਬੈਂਕ ਵਿਚੋਂ ਪੁਸਤਕਾਂ ਕਢਵਾ ਸਕਦੇ ਹਨ। ਪੇਪਰਾਂ ਉਪਰੰਤ ਪੁਸਤਕਾਂ ਵਾਪਸ ਕਰਨਾ ਜ਼ਰੂਰੀ ਹੈ।

## ਘਰੇਲੂ ਪ੍ਰੀਖਿਆਵਾਂ

ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਹਰ ਸਾਲ ਘਰੇਲੂ ਪ੍ਰੀਖਿਆਵਾਂ ਹੇਠ ਲਿਖੇ ਅਨੁਸਾਰ ਲਈਆਂ ਜਾਂਦੀਆਂ ਹਨ:-

1. ਸਮੈਸਟਰ ਘਰੇਲੂ ਪ੍ਰੀਖਿਆ ਲਈ ਜਾਵੇਗੀ।
2. ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਅਤੇ ਕੁੱਝ ਹੋਰ ਨਿਰਧਾਰਿਤ ਸ਼ਰਤਾਂ ਦੇ ਆਧਾਰ ਤੇ ਹੀ ਯੂਨੀਵਰਸਿਟੀ ਨੂੰ ਪ੍ਰੀਖਿਆ ਫਾਰਮ ਅਤੇ ਇੰਟਰਨਲ ਅਸੈਸਮੈਂਟ ਭੇਜੀ ਜਾਵੇਗੀ।
4. ਜਿਹੜਾ ਵਿਦਿਆਰਥੀ ਬਿਨਾਂ ਕਿਸੇ ਆਗਿਆ/ਬਿਨਾਂ ਕਿਸੇ ਛੁੱਟੀ ਲਏ ਘਰੇਲੂ ਪ੍ਰੀਖਿਆ ਵਿੱਚ ਗੈਰਹਾਜ਼ਰ ਰਹਿੰਦਾ ਹੈ ਉਸਨੂੰ ਪ੍ਰੀਖਿਆ ਦਾ ਸਪੈਸ਼ਲ ਚਾਂਸ ਨਹੀਂ ਦਿੱਤਾ ਜਾਵੇਗਾ। ਮੈਡੀਕਲ ਗਰਾਉਂਡ ਤੇ ਵੀ ਪ੍ਰੀਖਿਆ ਵਾਲੇ ਦਿਨ ਗੈਰਹਾਜ਼ਰੀ ਲਈ ਮੈਡੀਕਲ ਸਰਟੀਫਿਕੇਟ ਉਸੇ ਦਿਨ ਦੇਣਾ ਅਤੇ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਇਹ ਨਾ ਕਰਨ ਦੀ ਸੂਰਤ ਵਿਚ ਸਾਲਾਨਾ ਪ੍ਰੀਖਿਆ ਲਈ ਦਾਖਲਾ ਨਹੀਂ ਭੇਜਿਆ ਜਾਵੇਗਾ।
5. ਜਿਹੜੇ ਵਿਦਿਆਰਥੀ ਕਾਲਜ ਦੇ ਆਪਣੇ ਇਮਤਿਹਾਨ ਵਿਚ ਅਯੋਗ ਢੰਗਾਂ ਦੀ ਵਰਤੋਂ ਕਰਨ ਦੇ ਦੋਸ਼ੀ ਹੋਣਗੇ, ਉਹਨਾਂ ਦਾ ਦਾਖਲਾ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ।

## ਯੂਨੀਵਰਸਿਟੀ ਇਮਤਿਹਾਨ ਲਈ ਪਾਤਰਤਾ ਨਿਯਮ

ਯੂਨੀਵਰਸਿਟੀ ਵਲੋਂ ਇਸ ਵਿਦਿਅਕ ਸੈਸ਼ਨ ਲਈ ਨਿਰਧਾਰਿਤ ਪਾਤਰਤਾ ਨਿਯਮ ਲਾਗੂ ਹੋਣਗੇ। ਇਨ੍ਹਾਂ ਦੀ ਵਿਸਤ੍ਰਿਤ ਜਾਣਕਾਰੀ ਕਾਲਜ ਲਾਇਬ੍ਰੇਰੀ ਵਿਖੇ ਉਪਲਬਧ ਸਿਲੇਬਸਾਂ ਜਾਂ ਕੈਲਡਰਾਂ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨਾਂ ਨਿਯਮਾਂ ਵਿਚ ਯੂਨੀਵਰਸਿਟੀ ਕਦੇ ਵੀ ਕੋਈ ਤਬਦੀਲੀ ਕਰ ਸਕਦੀ ਹੈ:-

1. ਬੀ.ਏ./ਬੀ.ਕਾਮ./ਬੀ.ਕਾਮ.ਆਨਰਜ਼/ਬੀ.ਐਸ ਸੀ./ਬੀ.ਸੀ.ਏ./ਪੀ.ਜੀ.ਡੀ.ਸੀ.ਏ. ਆਦਿ ਸਾਰੇ ਕੋਰਸਾਂ ਦੇ ਸਮੈਸਟਰ I ਤੋਂ VI ਦੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਕਾਲਜ ਦੇ ਘਰੇਲੂ ਇਮਤਿਹਾਨਾਂ ਵਿਚੋਂ ਸਾਰਿਆਂ ਵਿਸ਼ਿਆਂ ਦੇ ਕੁੱਲ ਜੋੜ ਵਿਚੋਂ ਘੱਟੋ ਘੱਟ 33% ਅੰਕ ਲੈਣੇ ਜ਼ਰੂਰੀ ਹਨ ਜਾਂ ਹਰ ਵਿਸ਼ੇ ਵਿਚੋਂ 25% ਅੰਕ ਜ਼ਰੂਰੀ ਹਨ।
2. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹਰੇਕ ਵਿਸ਼ੇ ਵਿਚ ਦਿੱਤੇ ਗਏ ਲੈਕਚਰਾਂ ਦੀ ਕੁੱਲ ਗਿਣਤੀ ਦਾ 75% ਹਾਜ਼ਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ।
3. ਸਮੈਸਟਰ III ਅਤੇ V ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋਂ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ II ਅਤੇ IV ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।

**ਉਕਤ ਸ਼ਰਤਾਂ ਪੂਰੀਆਂ ਨਾ ਕਰਨ ਵਾਲਾ ਵਿਦਿਆਰਥੀ ਯੂਨੀਵਰਸਿਟੀ ਇਮਤਿਹਾਨ ਵਿਚ ਬੈਠਣ ਦਾ ਪਾਤਰ ਨਹੀ ਹੋਵੇਗਾ।**

## ਕਾਲਜ ਦੇ ਇਨਾਮਾਂ ਲਈ ਹੱਕਦਾਰ ਬਣਨ ਦੇ ਨਿਯਮ : ਅਕਾਦਮਿਕ ਇਨਾਮ

1. ਵਿਦਿਅਕ ਇਨਾਮਾਂ ਲਈ ਹੱਕਦਾਰ ਬਣਨ ਲਈ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਆਪਣੇ ਚੁਣੇ ਹੋਏ ਹਰੇਕ ਵਿਸ਼ੇ ਵਿਚੋਂ ਪਾਸ ਹੋਣਾ ਜ਼ਰੂਰੀ ਹੈ।
2. ਜੇਕਰ ਕਿਸੇ ਕਲਾਸ ਦੇ ਵਿਦਿਆਰਥੀਆਂ ਦੀ ਗਿਣਤੀ 10 ਤੱਕ ਹੈ ਤਾਂ ਇੱਕ ਇਨਾਮ ਦਿੱਤਾ ਜਾਵੇਗਾ, ਜੇ ਕਰ ਗਿਣਤੀ ਇਸ ਤੋਂ ਵੱਧ ਹੈ ਤਾਂ ਦੋ ਇਨਾਮ ਦਿੱਤੇ ਜਾਣਗੇ।
3. ਅੰਗਰੇਜ਼ੀ ਵਿਚ ਪਹਿਲੇ ਇਨਾਮ ਲਈ ਘੱਟੋਂ ਘੱਟ 55% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਬਾਕੀ ਵਿਸ਼ਿਆਂ ਵਿਚ ਇਸ ਇਨਾਮ ਲਈ ਘੱਟੋਂ ਘੱਟ 60% ਅੰਕ ਲੈਣੇ ਜ਼ਰੂਰੀ ਹਨ, ਨਹੀਂ ਤਾਂ ਦੂਜਾ ਇਨਾਮ ਦਿੱਤਾ ਜਾਵੇਗਾ।
4. ਅੰਗਰੇਜ਼ੀ ਵਿਚ ਦੂਜਾ ਇਨਾਮ ਹਾਸਲ ਕਰਨ ਲਈ ਘੱਟੋਂ ਘੱਟ 45% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ ਅਤੇ ਬਾਕੀ ਵਿਸ਼ਿਆਂ ਵਿਚ ਇਨਾਮ ਲਈ ਘੱਟੋ ਘੱਟ 50% ਅੰਕ ਲੈਣੇ ਜ਼ਰੂਰੀ ਹਨ।
5. ਜੇਕਰ ਪਹਿਲੇ ਅਤੇ ਦੂਜੇ ਸਥਾਨ ਤੇ ਇਕ ਤੋਂ ਜ਼ਿਆਦਾ ਵਿਦਿਆਰਥੀ ਹਨ ਤਾਂ ਐਗਰੀਗੇਟ ਵਿਚ ਵੱਧ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਹੀ ਪਹਿਲਾ ਅਤੇ ਦੂਜਾ ਇਨਾਮ ਦਿੱਤਾ ਜਾਵੇਗਾ।
6. ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੀ ਅਪ੍ਰੈਲ/ਸਲਾਨਾ ਪ੍ਰੀਖਿਆ ਵਿਚ ਆਪਣੀ ਕਲਾਸ ਵਿਚ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਕਾਲਜ ਵਲੋਂ ਇਨਾਮ ਦਿੱਤਾ ਜਾਵੇਗਾ।
7. ਪਹਿਲਾ ਇਨਾਮ 100/- ਰਪਏ ਅਤੇ ਦੂਜਾ ਇਨਾਮ 80/- ਰੁਪਏ ਦਾ ਹੋਵੇਗਾ।
8. ਕਿਸੇ ਵਿਦਿਆਰਥੀ ਦਾ ਆਚਰਣ ਜਾਂ ਵਰਤਾਉ ਠੀਕ ਨਾ ਹੋਣ ਦੀ ਸੂਰਤ ਵਿਚ ਉਸਨੂੰ ਪ੍ਰਿੰਸੀਪਲ ਵਲੋਂ ਇਨਾਮ ਤੋਂ ਵਾਂਝਿਆਂ ਰੱਖਣ ਦਾ ਹੱਕ ਹੈ।

## ਸੱਭਿਆਚਾਰਕ ਅਤੇ ਸਹਿ-ਵਿਦਿਅਕ ਸਰਗਰਮੀਆਂ ਦੇ ਇਨਾਮਾਂ ਲਈ ਨਿਯਮ

ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿਚ ਵਿੱਦਿਅਕ, ਸੱਭਿਆਚਾਰਕ, ਸਹਿ-ਵਿਦਿਅਕ ਸਰਗਰਮੀਆਂ, ਖੇਡਾਂ ਅਤੇ ਐਨ. ਐਸ. ਐਸ. ਆਦਿ ਵਿਚ ਅਦੁੱਤੀ ਪ੍ਰਾਪਤੀ ਕਰਨ ਤੇ ਵਿਸ਼ੇਸ਼ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਸਬੰਧਿਤ ਸਰਗਰਮੀਆਂ ਦੇ ਪ੍ਰੋਫੈਸਰ ਇੰਚਾਰਜ ਵਲੋਂ ਵਿਦਿਆਰਥੀ ਦੇ ਇਨਾਮ ਦਾ ਹੱਕਦਾਰ ਹੋਣ ਬਾਰੇ ਸਿਫਾਰਿਸ਼ ਕਰਨੀ ਜ਼ਰੂਰੀ ਹੈ। ਉਚਿਤ ਜਾਂਚ ਪੜਤਾਲ ਕਰਨ ਤੋਂ ਬਾਅਦ ਪ੍ਰਿੰਸੀਪਲ ਇਨਾਮ/ਸਰਟੀਫਿਕੇਟ ਸਬੰਧੀ ਫੈਸਲਾ ਕਰਨਗੇ।

## ਕੁੱਝ ਮੱਹਤਵਪੂਰਨ ਇਨਾਮ ਹੇਠ ਲਿਖੇ ਅਨੁਸਾਰ ਹਨ :-

## ਕਾਲਜ ਰੋਲ ਆਫ ਆਨਰ

ਇਸ ਕਾਲਜ ਦੇ ਸਰਵੋਤਮ ਇਨਾਮ ਦੇ ਹੱਕਦਾਰ ਬਣਨ ਲਈ, ਹੇਠ ਲਿਖੇ ਭਿੰਨ-ਭਿੰਨ ਖੇਤਰਾਂ ਵਿਚ ਅਦੁੱਤੀ ਪ੍ਰਾਪਤੀਆਂ ਕਰਨੀਆਂ ਜ਼ਰੂਰੀ ਹਨ :

(ੳ) ਵਿਦਿਆਰਥੀ ਯੂਨੀਵਰਸਿਟੀ ਵਿਚ ਮੈਰਿਟ ਲਿਸਟ ਵਿਚ ਆਇਆ ਹੋਵੇ ਜਾਂ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ।

(ਅ) ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡਾਂ ਵਿਚੋਂ ਵਿਅਕਤੀਗਤ ਤੌਰ ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਹਾਸਲ ਕਰਦਾ ਹੈ।

(ੲ) ਜੇਕਰ ਵਿਦਿਆਰਥੀ ਖੇਡ ਵਿਭਾਗ ਵਲੋਂ ਸਟੇਟ ਦੀ ਪ੍ਰਤੀਨਿਧਤਾ ਵਿਅਕਤੀਗਤ ਤੌਰ ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਕਰਦਾ ਹੈ ਅਤੇ ਪਹਿਲੀ ਜਾ ਦੂਜੀ ਪੋਜ਼ੀਸ਼ਨ ਲੈਂਦਾ ਹੈ।

(ਸ) ਜੇਕਰ ਵਿਦਿਆਰਥੀ ਲਗਾਤਾਰ ਤਿੰਨ ਸਾਲ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।

(ਹ) ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ/ਅੰਤਰ-ਖੇਤਰੀ ਮੁਕਾਬਲਿਆਂ ਵਿਚ ਨਿੱਜੀ ਤੌਰ ਤੇ ਜਾਂ ਟੀਮ ਦੇ ਮੈਂਬਰ ਨਾਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

(ਕ) ਜੇਕਰ ਐਨ. ਐਸ. ਐਸ ਵਲੰਟੀਅਰ 26 ਜਨਵਰੀ ਪਰੇਡ (ਦਿੱਲੀ) ਵਿਚ ਭਾਗ ਲੈਂਦਾ ਹੈ।

**ਨੋਟ :** ਰੋਲ ਆਫ ਆਨਰ ਲੈਣ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਵੀ ਨਾਲ ਹੀ ਦਿੱਤਾ ਜਾਂਦਾ ਹੈ।

## ਕਾਲਜ ਕਲਰ

ਕਾਲਜ ਕਲਰ ਹੇਠ ਲਿਖੇ ਅਧਾਰਾਂ ਤੇ ਵਿਦਿਆਰਥੀ ਨੂੰ ਪ੍ਰਦਾਨ ਕੀਤੇ ਜਾਂਦੇ ਹਨ:

(ੳ) ਯੂਨੀਵਰਸਿਟੀ ਪ੍ਰੀਖਿਆ ਵਿਚੋਂ **75%** ਤੋਂ **79.9%** ਨੰਬਰ ਪ੍ਰਾਪਤ ਕਰਨ ਵਾਲੇ ਪਹਿਲੇ ਸਥਾਨ ਆਉਣ ਵਾਲੇ ਵਿਦਿਆਰਥੀ ਜਾਂ ਕਿਸੇ ਕਲਾਸ ਵਿਚੋਂ ਫਸਟ ਕਲਾਸ ਫਸਟ ਆਉਣ ਵਾਲੇ ਵਿਦਿਆਰਥੀ।

(ਅ) ਜਦੋਂ ਕੋਈ ਵਿਦਿਆਰਥੀ ਯੂਨੀਵਰਸਿਟੀ ਦੇ ਅੰਤਰ-ਕਾਲਜ ਮੁਕਾਬਲਿਆਂ ਦੀਆਂ ਖੇਡਾਂ ਵਿਚੋਂ ਪਹਿਲੀ/ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

(ੲ) ਜੇਕਰ ਵਿਦਿਆਰਥੀ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿਚ ਖੇਤਰੀ ਮੁਕਾਬਲਿਆਂ ਵਿਚ ਨਿੱਜੀ ਤੌਰ ਤੇ ਜਾਂ ਟੀਮ ਦੇ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

(ਸ) ਐਨ.ਐਸ.ਐਸ. ਦੇ ਅੰਤਰ-ਰਾਜ ਜਾਂ ਅੰਤਰ-ਯੂਨੀਵਰਸਿਟੀ ਕੈਂਪ ਵਿਚ ਭਾਗ ਲੈਂਦਾ ਹੈ।

(ਹ) ਜੇਕਰ ਕੋਈ ਵਿਦਿਆਰਥੀ ਦੋ ਸਾਲ ਲਗਾਤਾਰ ਆਪਣੇ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।

(ਕ) ਜਿਹੜਾ ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਵਲੋਂ ਪ੍ਰਤਿਨਿਧਤਾ ਕਰਦਾ ਹੈ।

(ਖ) ਕਾਲਜ ਕਮੇਟੀ ਵਿਦਿਆਰਥੀ ਦੀ ਕਾਲਜ ਨੂੰ ਸਮੁੱਚੀ ਦੇਣ ਦੇ ਆਧਾਰ ਦੇ ਕਲਰ ਦੇਣ ਦੀ ਸਿਫਾਰਿਸ਼ ਕਰ ਸਕਦੀ ਹੈ।

## ਮੈਰਿਟ ਸਰਟੀਫਿਕੇਟ

ਪ੍ਰਿੰਸੀਪਲ ਕਾਲਜ ਕੌਂਸਲ ਜਾਂ ਸੱਭਿਆਚਾਰਕ ਸਰਗਰਮੀਆਂ ਦੇ ਵੱਖ-ਵੱਖ ਇੰਚਾਰਜਾਂ ਦੀ ਸਿਫਾਰਿਸ਼ ਤੇ ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿਚ ਚੰਗੇ ਕੰਮਾਂ ਤੇ ਪ੍ਰਾਪਤੀਆਂ ਦੇ ਆਧਾਰ ਤੇ ਵਿਸ਼ੇਸ਼ ਮੈਰਿਟ ਸਰਟੀਫਿਕੇਟ ਪ੍ਰਦਾਨ ਕਰ ਸਕਦੇ ਹਨ।

## ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇਨਾਮ

**ਕਾਲਜ ਪ੍ਰਸ਼ਾਸਨ, ਓ. ਐਸ. ਏ., ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਕਾਲਜ ਦੇ ਸਾਬਕਾ ਪ੍ਰਿੰਸੀਪਲ ਸਾਹਿਬਾਨ, ਪ੍ਰੋਫੈਸਰ ਸਾਹਿਬਾਨ ਅਤੇ ਸਾਬਕਾ ਪ੍ਰੋਫੈਸਰ ਸਾਹਿਬਾਨ ਜਾਂ ਉਹਨਾਂ ਦੇ ਪਰਿਵਾਰਾਂ ਦੁਆਰਾ ਕਾਲਜ ਦੇ ਵੱਖ-ਵੱਖ ਖੇਤਰਾਂ ਵਿੱਚ ਜੇਤੂ ਰਹੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਉਹਨਾਂ ਦੀ ਹੌਂਸਲਾ ਅਫ਼ਜਾਈ ਹਿੱਤ ਹਰ ਸਾਲ ਹੇਠ ਲਿਖੇ ਅਨੁਸਾਰ ਭਿੰਨ-ਭਿੰਨ ਇਨਾਮ ਦਿੱਤੇ ਜਾਂਦੇ ਹਨ :-**

1. ਓ.ਐਸ.ਏ. ਵਲੋਂ ਕਾਲਜ ਦੇ ਸਰਵੋਤਮ ਵਿਦਿਆਰਥੀ/ਵਿਦਿਆਰਥਣ ਨੂੰ ਹਰ ਸਾਲ **2100/-**ਰੁ: ਨਗਦ ਇਨਾਮ ਦਿੱਤਾ ਜਾਂਦਾ ਹੈ। ਸਰਵੋਤਮ ਵਿਦਿਆਰਥੀ ਦੀ ਚੋਣ ਬੀ.ਏ. ਭਾਗ ਤੀਸਰਾ/ਬੀ.ਐਸ.ਸੀ.ਅਤੇ ਬੀ. ਕਾਮ. ਸਮੈਸਟਰ ਛੇਵਾਂ ਦੇ ਵਿਦਿਆਰਥੀਆਂ ਵਿਚੋਂ ਤਿੰਨਾਂ ਸਾਲਾਂ ਦੀਆਂ ਸਰਬਪੱਖੀ ਪ੍ਰਾਪਤੀਆਂ ਦੇ ਆਧਾਰ ਤੇ ਕੀਤੀ ਜਾਵੇਗੀ।
2. ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ ਵਲੋਂ ਕਾਲਜ ਦੇ ਕਮਰਸ ਵਿਭਾਗ ਦੇ ਬੀ. ਕਾਮ. ਸਮੈਸਟਰ ਦੂਜਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇਕ ਟਰਾਫੀ ਅਤੇ **500/-** ਰੁ. ਨਗਦ ਇਨਾਮ, ਬੀ.ਕਾਮ ਸਮੈਸਟਰ ਚੌਥਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇਕ ਟਰਾਫੀ ਅਤੇ 1100/- ਰੁ. ਨਗਦ ਇਨਾਮ ਅਤੇ ਬੀ.ਕਾਮ. ਸਮੈਸਟਰ ਛੇਵਾਂ ਦੇ ਯੂਨੀਵਰਸਿਟੀ ਪ੍ਰੀਖਿਆ ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇਕ ਟਰਾਫੀ ਅਤੇ 2100/- ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ। ਜੇਕਰ ਇਹਨਾਂ ਤਿੰਨਾਂ ਕਲਾਸਾਂ ਵਿੱਚੋਂ ਕੋਈ ਵਿਦਿਆਰਥੀ ਸਾਲਾਨਾ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ 5100/- ਰੁ: ਨਗਦ ਇਨਾਮ ਦਿੱਤਾ ਜਾਂਦਾ ਹੈ। ਜੇਕਰ ਕਮਰਸ ਵਿਭਾਗ ਦਾ ਕੋਈ ਪੁਰਾਣਾ ਵਿਦਿਆਰਥੀ ਕਮਰਸ ਦੀ ਸਾਲਾਨਾ ਪੋਸਟ ਗ੍ਰੈਜੂਏਟ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ 5100/- ਰੁ: ਇਨਾਮ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਦਿੱਤਾ ਜਾਂਦਾ ਹੈ।
3 ਐਚ.ਈ.ਆਈ.ਐਸ. ਅਧੀਨ ਚੱਲ ਰਹੀਆਂ ਕਲਾਸਾਂ ਦੇ ਵਿਦਿਆਰਥੀਆਂ ਵਿੱਚੋਂ ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 500/- ਰੁ:, 1100 /- ਰੁ: ਅਤੇ 2100/- ਰ: ਨਗਦ ਇਨਾਮ ਦਿੱਤਾ ਜਾਂਦਾ ਹੈ ।
4. ਪ੍ਰੋ. ਆਈ. ਐਸ. ਸੁੱਖੀ ਦੁਆਰਾ ਹਰੇਕ ਸਾਲ ਕਾਲਜ ਦੇ ਬੀ.ਐਸ.ਸੀ. ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਸਲਾਨਾ ਪਰੀਖਿਆ ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਆਪਣੀ ਸਵਰਗਵਾਸੀ ਪਤਨੀ ਸ੍ਰੀਮਤੀ ਸੁਰਜੀਤ ਸੁੱਖੀ ਦੀ ਯਾਦ ਵਿਚ 2000/- ਰੁ. ਦਾ ਨਗਦ ਇਨਾਮ ਦਿੱਤਾ ਜਾਂਦਾ ਹੈ।
5. ਪ੍ਰੋ. ਆਈ. ਐਸ. ਸੁੱਖੀ ਦੁਆਰਾ ਹਰੇਕ ਸਾਲ ਕਾਲਜ ਦੇ ਸਰਵੋਤਮ ਖਿਡਾਰੀ ਲਈ ਆਪਣੇ ਪਿਤਾ ਜੀ ਦੀ ਯਾਦ ਵਿੱਚ ਪ੍ਰਤਾਪ

ਟਰੌਫੀ ਅਤੇ 500/- ਰੁ. ਨਕਦ ਅਤੇ ਸਰਵੋਤਮ ਖਿਡਾਰਨ ਲਈ ਆਪਣੀ ਮਾਤਾ ਜੀ ਦੀ ਯਾਦ ਵਿਚ ਬਸੰਤ ਟਰਾਫੀ ਅਤੇ 500/- ਰੁ ਨਕਦ ਦਿੱਤੇ ਜਾਂਦੇ ਹਨ।

6. ਕਾਲਜ ਦੇ ਸਾਬਕਾ ਪ੍ਰਿੰਸੀਪਲ ਸ਼੍ਰੀਮਤੀ ਵਿਪਿਨ ਸੋਬਤੀ, ਪ੍ਰਿੰਸੀਪਲ ਸ਼੍ਰੀਮਤੀ ਰੀਟਾ ਗੰਗਾਹਰ, ਪ੍ਰਿੰਸੀਪਲ ਸ਼੍ਰੀਮਤੀ ਅਰਵਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਪਵਿੰਦਰ ਕੌਰ ਵਲੋਂ ਹਰ ਸਾਲ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
7. ਇਸ ਕਾਲਜ ਦੇ ਸਵਰਗਵਾਸੀ ਪ੍ਰੋ. ਪਰਮਦੀਪ ਸਿੰਘ ਭੁੱਲਰ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਪ੍ਰੋ. ਪਰਮਦੀਪ ਸਿੰਘ ਭੁੱਲਰ ਮੈਮੋਰੀਅਲ ਅਵਾਰਡ ਵਜੋਂ ਕਾਲਜ ਦੀ ਬੀ.ਏ. ਭਾਗ ਤੀਜਾ ਦੀ ਸਲਾਨਾ ਪ੍ਰੀਖਿਆ ਵਿਚੋਂ ਫਸਟ ਆਉਣ ਵਾਲੇ ਵਿਦਿਆਰਥੀ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
8. ਕਾਲਜ ਦੇ ਸਾਬਕਾ ਪ੍ਰੋਫੈਸਰ ਕੁਲਵਿੰਦਰ ਕੌਰ ਦੁਆਰਾ ਆਪਣੇ ਪਿਤਾ ਸਵਰਗਵਾਸੀ ਡਾ. ਅਜੀਤ ਸਿੰਘ ਸੰਧੂ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
9. ਕਾਲਜ ਦੇ ਪ੍ਰੋਫੈਸਰ ਸਿਮਰਪ੍ਰੀਤ (ਹੈੱਡ ਡਿਪਾਰਟਮੈਂਟ ਫਿਜ਼ੀਕਲ ਐਜੂਕੇਸ਼ਨ) ਦੁਆਰਾ ਆਪਣੀ ਮਾਤਾ ਸਵਰਗਵਾਸੀ ਸ੍ਰੀਮਤੀ ਕੁਲਵੰਤ ਕੌਰ ਜੀ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਇੱਕ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
10. ਲਾਇਬਰੇਰੀਅਨ ਦੀ ਸਿਫਾਰਿਸ਼ ਤੇ ਹਰ ਸਾਲ ਇਕ ਲੜਕੇ ਅਤੇ ਇਕ ਲੜਕੀ ਵਿਦਿਆਰਥੀ ਨੂੰ ਸਰਵੋਤਮ ਰੀਡਰ ਦਾ ਇਨਾਮ ਦਿੱਤਾ ਜਾਂਦਾ ਹੈ।

**ਜ਼ਰੂਰੀ ਨੋਟ: ਉਪਰੋਕਤ ਇਨਾਮਾਂ ਲਈ ਹੱਕਦਾਰ ਬਣਨ ਲਈ ਜ਼ਰੂਰੀ ਹੈ ਕਿ ਇਨਾਮ ਜੇਤੂ ਵਿਦਿਆਰਥੀ ਦੇ ਲੈਕਚਰ ਘੱਟ ਨਾ ਹੋਣ, ਪੜ੍ਹਾਈ ਵਿਚ ਤਸੱਲੀਬਖਸ਼ ਹੋਵੇ ਅਤੇ ਵਿਦਿਆਰਥੀ ਦਾ ਆਚਰਣ ਚੰਗਾ ਹੋਵੇ।**

## ਵਿਦਿਆਰਥੀਆਂ ਲਈ ਆਮ ਨਿਯਮ

1. ਪ੍ਰਿੰਸੀਪਲ ਦੀ ਅਗੇਤਰੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਕੈਂਪਸ ਵਿਚ ਕੋਈ ਵੀ ਮੀਟਿੰਗ ਨਹੀਂ ਕੀਤੀ ਜਾ ਸਕਦੀ।
2. ਵਿਦਿਆਰਥੀਆਂ ਵਲੋਂ ਕਾਲਜ ਕੈਂਪਸ ਵਿਖੇ ਮੋਬਾਇਲ ਫੋਨ ਦੀ ਵਰਤੋਂ ਸਖਤ ਮਨ੍ਹਾਂ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਮੋਬਾਇਲ ਫੋਨ ਜ਼ਬਤ ਕਰ ਲਿਆ ਜਾਵੇਗਾ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।
3. ਕਾਲਜ ਦੇ ਅਨੁਸ਼ਾਸਨ ਦੀ ਪਾਲਣਾ ਕਰਨਾ ਵਿਦਿਆਰਥੀਆਂ ਦਾ ਨੈਤਿਕ ਫਰਜ਼ ਹੈ। ਕਾਲਜ ਦੇ ਅਨੁਸ਼ਾਸ਼ਨ ਨੂੰ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਨੁਸ਼ਾਸਨ ਭੰਗ ਕਰਨ ਵਾਲਿਆਂ ਦੇ ਵਿਰੁੱਧ ਦੰਡ ਦੇਣ ਦੀ ਸਿਫਾਰਿਸ਼ ਕਮੇਟੀ ਕਰੇਗੀ ਅਤੇ ਫੈਸਲਾ ਪ੍ਰਿੰਸੀਪਲ ਲੈਣਗੇ।
4. ਹਰ ਵਿਦਿਆਰਥੀ ਨੂੰ ਆਪਣਾ ਸ਼ਨਾਖਤੀ ਕਾਰਡ ਹਰ ਵਕਤ ਨਾਲ ਰੱਖਣਾ ਚਾਹੀਦਾ ਹੈ ਅਤੇ ਮੰਗਣ ਤੇ ਕਾਲਜ ਅਧਿਕਾਰੀ ਨੂੰ ਵਿਖਾਉਣਾ ਚਾਹੀਦਾ ਹੈ। ਕਾਲਜ ਵਿਚ ਵਿਦਿਆਰਥੀ ਦਾ ਪ੍ਰਵੇਸ਼ ਸ਼ਨਾਖਤੀ ਕਾਰਡ ਦੇ ਆਧਾਰ ਤੇ ਹੋਵੇਗਾ। ਗੈਰ-ਵਿਦਿਆਰਥੀਆਂ ਦਾ ਕਾਲਜ ਵਿਚ ਪ੍ਰਵੇਸ਼ ਵਰਜਿਤ ਹੈ। ਅਜਿਹੇ ਵਿਅਕਤੀਆਂ ਵਿਰੁੱਧ ਯੋਗ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
5. ਵਿਦਿਆਰਥੀ ਕਾਲਜ ਕੈਂਪਸ ਅਤੇ ਵਰਾਂਡਿਆਂ ਵਿਚ ਨਾ ਖੜਨ ਅਤੇ ਨਾ ਹੀ ਆਉਂਦਿਆਂ ਜਾਂ ਜਾਂਦਿਆਂ ਸ਼ੋਰ ਕਰਨ।
6. ਕੋਈ ਵਿਦਿਆਰਥੀ ਜੇਕਰ ਕਾਲਜ ਛੱਡਣਾ ਚਾਹੁੰਦਾ ਹੈ ਤਾਂ ਉਹ ਆਪਣੇ ਬਿਨੈ-ਪੱਤਰ ਤੇ ਪਿਤਾ/ਸਰਪ੍ਰੱਸਤ ਦੇ ਹਸਤਾਖਰ ਕਰਵਾ ਕੇ ਪ੍ਰਿੰਸੀਪਲ ਦੀ ਮਨਜ਼ੂਰੀ ਨਾਲ ਅਜਿਹਾ ਕਰ ਸਕਦਾ ਹੈ। ਉਸ ਨੂੰ ਕਾਲਜ ਦੇ ਸਾਰੇ ਆਪਣੇ ਬਕਾਏ ਦੀ ਬਣਦੀ ਰਕਮ

ਕਾਲਜ ਨੂੰ ਅਦਾ ਕਰਨੀ ਪਵੇਗੀ। ਜਦ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ ਤੇ ਕੱਟ ਨਹੀਂ ਜਾਂਦਾ, ਉਸਨੂੰ ਕਾਲਜ ਫੀਸ, ਫੰਡ ਅਤੇ ਹੋਰ ਜ਼ੁਰਮਾਨੇ ਆਦਿ ਦਾ ਭੁਗਤਾਨ ਕਰਨਾ ਪਵੇਗਾ।

7. ਆਚਰਣ ਸਬੰਧੀ ਪ੍ਰਮਾਣ-ਪੱਤਰ ਵਿਦਿਆਰਥੀ ਨੂੰ ਕਾਲਜ ਛੱਡਣ ਤੇ ਹੀ ਦਿੱਤਾ ਜਾਵੇਗਾ।
8. ਜੇਕਰ ਵਿਦਿਆਰਥੀ ਕਾਲਜ ਛੱਡਣ ਤੋਂ ਇਕ ਸਾਲ ਦੇ ਅੰਦਰ ਅੰਦਰ ਲਾਇਬਰੇਰੀ ਜ਼ਮਾਨਤ ਵਾਪਿਸ ਨਹੀਂ ਲੈਂਦਾ ਤਾਂ ਜ਼ਬਤ ਹੋ ਜਾਵੇਗੀ।
9. ਹਰੇਕ ਵਿਦਿਆਰਥੀ ਲਈ ਸਾਇਕਲ, ਸਕੂਟਰ ਅਤੇ ਮੋਟਰ ਸਾਇਕਲ ਆਦਿ ਨੂੰ ਨਿਸ਼ਚਿਤ ਸਥਾਨ ਤੇ ਰਖਣਾ ਜ਼ਰੂਰੀ ਹੈ। ਖੇਡ ਦੇ ਮੈਦਾਨ ਜਾਂ ਲਾਅਨ ਵਿਚ ਵਾਹਨ ਲੈ ਜਾਣਾ ਸਖਤ ਮਨ੍ਹਾਂ ਹੈ। ਕਾਲਜ ਗੇਟ ਤੋਂ ਬਾਹਰ ਖੜ੍ਹੇ ਵਾਹਨ ਪੁਲਿਸ ਹਵਾਲੇ ਕੀਤੇ ਜਾਣਗੇ।
10. ਕਾਲਜ ਕੈਂਪਸ ਵਿਚ ਅਸਮਾਜਿਕ ਅਤੇ ਅਨੈਤਿਕ ਕੰਮ ਜਿਵੇਂ ਕਿ ਸਿਗਰਟ, ਸ਼ਰਾਬ ਤੇ ਨਸ਼ਿਆਂ ਦੀ ਵਰਤੋਂ, ਤਾਸ਼, ਜੂਆ ਖੇਡਣਾ ਆਦਿ ਸਖਤ ਮਨ੍ਹਾ ਹੈ।
11. ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਕਾਲਜ ਦੀ ਇਮਾਰਤ/ਸੰਪਤੀ/ਫਰਨੀਚਰ ਆਦਿ ਨੂੰ ਖਰਾਬ ਨਾ ਕਰਨ ਅਤੇ ਨੋਟਿਸ ਬੋਰਡ ਉੱਤੇ ਲਾਏ ਨੋਟਿਸ ਨਾ ਪਾੜਨ ਕਿਉਂਕਿ ਇਹ ਉਨ੍ਹਾਂ ਦੀ ਵਰਤੋਂ ਲਈ ਹੀ ਹਨ। ਜੇਕਰ ਕੋਈ ਵਿਦਿਆਰਥੀ ਇਨਾਂ ਦਾ ਨੁਕਸਾਨ ਕਰਦਾ ਫੜਿਆ ਗਿਆ ਤਾਂ ਉਸ ਤੇ ਉਚਿੱਤ ਕਾਰਵਾਈ ਕੀਤੀ ਜਾਵੇਗੀ ਅਤੇ ਕੀਤੇ ਨੁਕਸਾਨ ਦਾ ਹਰਜਾਨਾ ਤੇ ਜ਼ੁਰਮਾਨਾ ਉਸ ਤੋਂ ਵਸੂਲ ਕੀਤਾ ਜਾਵੇਗਾ।
12. ਵਿਦਿਆਰਥੀਆਂ ਵਲੋਂ ਕਲਾਸ ਰੂਮ, ਲਾਇਬਰੇਰੀ ਅਤੇ ਪ੍ਰੀਖਿਆ ਹਾਲ ਵਿਚ ਮੋਬਾਇਲ ਲੈ ਜਾਣਾ ਮਨ੍ਹਾ ਹੈ।
13. ਵਿਦਿਆਰਥੀ ਰੈਗਿੰਗ ਵਿੱਚ ਭਾਗ ਨਹੀਂ ਲੈਣਗੇ ।ਅਜਿਹਾ ਕਰਦੇ ਫੜੇ ਜਾਣ ਤੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਦਾਖਲਾ ਰੱਦ ਕੀਤਾ ਜਾ ਸਕਦਾ ਹੈ।
14. ਜਿੰਨ੍ਹਾਂ ਵਿਦਿਆਰਥੀ ਲੜਕਿਆਂ ਨੇ ਆਪਣੇ ਕੇਸ ਰੱਖੇ ਹਨ, ਉਨ੍ਹਾਂ ਲਈ ਕਾਲਜ ਵਿੱਚ ਉਚਿੱਤ ਪਗੜੀ ਬੰਨ੍ਹ ਕੇ ਆਉਣਾ ਲਾਜ਼ਮੀ ਹੈ।
15. ਸਾਰੇ ਵਿਦਿਆਰਥੀਆਂ ਲਈ ਦਿੱਤੀਆਂ ਗਈਆਂ ਰੈਗਿੰਗ ਵਿਰੋਧੀ ਵੈਬ-ਸਾਇਟਾਂ ਵਿਚੋਂ ਕਿਸੇ ਇੱਕ ਤੇ ਰਜਿਸਟਰੇਸ਼ਨ ਕਰਵਾਉਣਾ ਲਾਜ਼ਮੀ ਹੈ । www.amanmovement.org OR www.antiragging.in

## ਫੈਕਲਟੀ/ਵਿਸ਼ਾ ਬਦਲਣ ਸਬੰਧੀ ਨਿਯਮ

1. ਬੀ. ਏ. ਸਮੈਸਟਰ-। ਦੇ ਵਿਦਿਆਰਥੀ ਦਾਖਲੇ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ-ਅੰਦਰ ਜਾਂ 30 ਅਗਸਤ ਤੱਕ (ਜੋਵੀ ਪਹਿਲਾਂ ਹੈ) ਆਪਣਾ ਵਿਸ਼ਾ ਪ੍ਰਾਸਪੈਕਟਸ ਦੇ ਜੁੱਟਾਂ ਅਨੁਸਾਰ ਬਦਲ ਸਕਦੇ ਹਨ।
2. ਬੀ. ਏ. ਸਮੈਸਟਰ-। ਵਿੱਚ ਦਾਖਲਾ ਲੈ ਚੁੱਕਿਆ ਵਿਦਿਆਰਥੀ ਵਿਸ਼ੇ ਬਦਲ ਕੇ ਬੀ. ਕਾਮ./ ਬੀ.ਐਸ.ਸੀ. ਸਮੈਸਟਰ ਪਹਿਲਾ ਵਿੱਚ ਨਹੀਂ ਜਾ ਸਕਦਾ।
3. ਬੀ.ਏ.ਸਮੈਸਟਰ-।।। ਅਤੇ ਬੀ.ਏ.ਭਾਗ ਤੀਜਾ ਵਿਚ ਕੋਈ ਵਿਸ਼ਾ ਤਬਦੀਲ ਨਹੀਂ ਹੋਵੇਗਾ।
4. ਦੂਜੇ ਕਾਲਜਾਂ ਤੋਂ ਮਾਈਗ੍ਰੇਟ ਹੋਣ ਵਾਲੇ ਉਹੀ ਵਿਦਿਆਰਥੀ ਦਾਖਲ ਕੀਤੇ ਜਾਣਗੇ ਜਿੰਨ੍ਹਾਂ ਦੇ ਵਿਸ਼ੇ ਇਸ ਪ੍ਰਾਸਪੈਕਟਸ ਦੇ ਕਿਸੇ ਇੱਕ ਵਿਸ਼ਾ-ਜੁੱਟ ਅਨੁਸਾਰ ਹੋਣਗੇ। ਇਸਦੀ ਪ੍ਰਵਾਨਗੀ ਪੰਜਾਬੀ ਯੂਨੀਵਰਸਿਟੀ ਤੋਂ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਲਿਖਤੀ ਤੌਰ ਤੇ ਪ੍ਰਾਪਤ ਕੀਤੀ ਜਾਵੇ।

**ਜਰੂਰੀ ਨੋਟ-** ਜਾਂਚ-ਪੜਤਾਲ ਉਪਰੰਤ ਪ੍ਰਿੰਸੀਪਲ ਸਾਹਿਬ ਦੇ ਆਦੇਸ਼ ਨਾਲ ਹੀ ਵਿਸ਼ਾ/ਵਿਸ਼ਿਆਂ ਨੂੰ ਬਦਲੇ ਜਾਣ ਦੀ ਆਗਿਆ ਦਿੱਤੀ ਜਾਵੇਗੀ ਤੇ ਇਸ ਸਬੰਧੀ ਨੋਟਿਸ ਨਿਕਲਣ ਦੇ ਬਾਅਦ ਹੀ ਵਿਦਿਆਰਥੀਆਂ ਨੂੰ ਨਵੇਂ ਵਿਸ਼ੇ ਦੀ ਕਲਾਸ ਵਿੱਚ ਬੈਠਣ ਦੀ ਆਗਿਆ ਹੋਵੇਗੀ। ਵਿਸ਼ਾ ਬਦਲੀ ਦੀ ਪ੍ਰਕਿਰਿਆ ਵਿੱਚ ਅਧਿਆਪਕਾਂ ਅਤੇ ਕਾਲਜ ਅਧਿਕਾਰੀਆਂ ਦੇ ਸਮੇਂ ਅਤੇ ਸ਼ਕਤੀ ਦਾ ਬਹੁਤ ਹਰਜ ਹੁੰਦਾ ਹੈ ਇਸ ਲਈ ਵਿਦਿਆਰਥੀ ਵਿਸ਼ਾ ਬਦਲੀ ਨੂੰ ਆਪਣਾ ਅਧਿਕਾਰ ਨਾ ਸਮਝਣ ਸਗੋਂ ਪਹਿਲਾਂ ਹੀ ਚੰਗੀ ਤਰ੍ਹਾਂ ਸੋਚ ਸਮਝ ਕੇ ਵਿਸ਼ਾ ਚੋਣ ਕਾਊਂਸਲਿੰਗ ਕਮੇਟੀ ਦੀ ਸਹਾਇਤਾ ਨਾਲ ਇੰਟਰਵਿਊ ਸਮੇਂ ਹੀ ਵਿਸ਼ਾ ਜੁੱਟ ਭਰਨ। ਵਿਸ਼ਾ ਬਦਲੀ ਸਬੰਧਿਤ ਪ੍ਰਾਧਿਆਪਕ ਦੀ ਸਿਫਾਰਿਸ਼ ਜਾਂ ਪੂਰਵ-ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ।

### ਬੇਦਾਅਵਾ

ਪ੍ਰਾਸਪੈਕਟਸ ਵਿੱਚ ਛਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਅਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸਨ ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਪ੍ਰਕਾਰ ਦੀ ਸੂਚਨਾ/ਊਣਤਾਈ ਲਈ ਕਾਨੂੰਨੀ ਤੌਰ ਤੇ ਜਿੰਮੇਵਾਰ ਨਹੀਂ ਹੋਵੇਗਾ। ਇਸ ਸ਼ੈਸ਼ਨ ਦੌਰਾਨ ਲੋੜ ਪੈਣ ਤੇ ਬਿਨ੍ਹਾਂ ਅਗਾਊ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਕੋਈ ਸਮੱਰਥ ਅਧਿਕਾਰੀ ਜਾ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।ਇਸ ਪ੍ਰਾਸਪੈਕਟਸ ਦੇ ਨਿਯਮ ਅਤੇ ਸ਼ਰਤਾਂ ਵਿਚ ਸਰਕਾਰ ਦੇ ਨਵੇਂ ਆਦੇਸ਼ਾਂ ਜਾਂ ਯੂਨੀਵਰਸਿਟੀ ਦੀਆਂ ਨਵੀਆਂ ਹਦਾਇਤਾਂ ਦੇ ਅਨੁਸਾਰ ਜਾਂ ਲੋੜ ਪੈਣ ਤੇ ਪ੍ਰਿੰਸੀਪਲ ਵਲੋਂ ਤਬਦੀਲੀ ਕੀਤੀ ਜਾ ਸਕਦੀ ਹੈ ਜਿਸ ਦੀ ਸੂਚਨਾ ਸਮੇਂ ਸਮੇਂ ਤੇ ਨੋਟਿਸ ਬੋਰਡ ਰਾਹੀਂ ਦੇ ਦਿੱਤੀ ਜਾਵੇਗੀ।

## ਇਛੁੱਕ ਗਤੀਵਿਧੀਆਂ ਅਤੇ ਕਲੰਡਰ 2020-21

### ਇਛੁੱਕ ਗਤੀਵਿਧੀਆਂ

| | | | |
|---|---|---|---|
| 1. | ਹੋਮ ਸਾਇੰਸ ਵਿਭਾਗ ਦਾ ਸਮਾਰੋਹ | : | ਅਗਸਤ ਦੇ ਚੌਥੇ ਹਫਤੇ |
| 2. | ਫਾਇਨ ਆਰਟਸ ਵਿਭਾਗ ਵੱਲੋਂ ਪ੍ਰਦਰਸ਼ਨੀ | : | ਸਤੰਬਰ ਦੇ ਪਹਿਲੇ ਹਫਤੇ |
| 3. | ਪੰਜਾਬੀ ਸਾਹਿਤ ਸਭਾ ਦਾ ਸਮਾਰੋਹ | : | ਅਕਤੂਬਰ ਦੇ ਦੂਜੇ ਹਫਤੇ |
| 4. | ਸਾਇੰਸ ਸੋਸਾਇਟੀ ਦਾ ਸਮਾਰੋਹ | : | ਅਕਤੂਬਰ ਦੇ ਦੂਜੇ ਹਫਤੇ |
| 5. | ਜੌਗਰਫੀ ਸੁਸਾਇਟੀ ਦਾ ਸਮਾਰੋਹ | : | ਅਕਤੂਬਰ ਦੇ ਤੀਜੇ ਹਫਤੇ |
| 6. | ਐਨ.ਐੱਸ.ਐੱਸ. ਕੈਂਪ/ਸਮਾਰੋਹ | : | ਨਵੰਬਰ ਦੇ ਪਹਿਲੇ ਹਫਤੇ |
| 7. | ਕੂਕਾ ਲਹਿਰ ਅਤੇ ਦੇਸ਼ ਭਗਤੀ ਸਮਾਰੋਹ | : | ਜਨਵਰੀ ਦੇ ਦੂਜੇ ਹਫਤੇ |
| 8. | ਅੰਗਰੇਜੀ ਸਾਹਿਤ ਸਭਾ ਦਾ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| 9. | ਓ.ਐੱਸ.ਏ. ਦਾ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| 10. | ਇਸਤਰੀ ਮਾਮਲਿਆਂ ਬਾਰੇ ਪ੍ਰਦਰਸ਼ਨੀ | : | 08 ਮਾਰਚ 2020 |

## ਕਲੰਡਰ

| | | | |
|---|---|---|---|
| 1. | ਪੜ੍ਹਾਈ ਦਾ ਆਰੰਭ | : | ਐਂਟਰੀ ਪੁਆਇੰਟ ਅੰਡਰ-ਗਰੈਜੂਏਟ ਕੋਰਸ :20-08-2020 ਤੋਂ ਅਤੇ ਚਲਦੇ ਕੋਰਸ :01-08-2020 ਤੋਂ |
| 2. | ਵਣ-ਮਹਾਂ-ਉਤਸਵ | : | ਅਗਸਤ ਵਿੱਚ |
| 3. | ਸਵਤੰਤਰਤਾ ਦਿਵਸ | : | 15 ਅਗਸਤ 2020 |
| 4. | ਅਧਿਆਪਕ ਦਿਵਸ | : | 5 ਸਤੰਬਰ 2020 |
| 5. | ਪ੍ਰਤਿਭਾ-ਖੋਜ਼ ਮੁਕਾਬਲੇ | : | ਸਤੰਬਰ ਦੇ ਦੂਜੇ ਹਫਤੇ |
| 6. | ਸੜਕ ਸੁਰੱਖਿਆ ਬਾਰੇ ਲੈਕਚਰ ਅਤੇ ਪ੍ਰਦਰਸ਼ਨੀ | : | ਸਤੰਬਰ ਦੇ ਤੀਜੇ ਹਫਤੇ |
| 7. | ਯੂਥ ਫੈਸਟੀਵਲ | : | ਅਕਤੂਬਰ 2020 |
| 8. | ਹੈਲਥ ਚੈੱਕ ਅੱਪ ਕੈਂਪ | : | ਅਕਤੂਬਰ ਦੇ ਦੂਜੇ ਹਫਤੇ |
| 9. | ਘਰੇਲੂ ਪ੍ਰੀਖਿਆ | : | ਨਵੰਬਰ ਅਤੇ ਅਪ੍ਰੈਲ ਦੇ ਮਹੀਨਿਆਂ ਵਿੱਚ |
| 10. | ਯੂਨੀਵਰਸਿਟੀ ਦੇ ਦਾਖਲਾ ਫਾਰਮ | : | ਸਤੰਬਰ ਅਤੇ ਫਰਵਰੀ ਦੇ ਦੂਜੇ ਹਫਤੇ |
| 11. | ਏਡਜ਼/ਡ੍ਰੱਗ ਅਬਿਊਸ ਤੇ ਲੈਕਚਰ | : | ਨਵੰਬਰ ਦੇ ਪਹਿਲੇ ਹਫਤੇ |
| 12. | ਸਰਦੀ ਦੀਆਂ ਛੁੱਟੀਆਂ | : | 26-12-2020 ਤੋਂ 08-01-2021 |
| 13. | ਲੋਹੜੀ | : | 13 ਜਨਵਰੀ 2021 |
| 14. | ਵਿਦਿਅਕ ਟੂਰ | : | ਜਨਵਰੀ/ਫਰਵਰੀ 2021 |
| 15. | ਗਣਤੰਤਰਤਾ ਦਿਵਸ | : | 26 ਜਨਵਰੀ, 2021 |
| 16. | ਓ.ਐਸ.ਏ. ਨੌਂਸਟੈਲਜੀਆ 2020 | : | 28 ਜਨਵਰੀ 2021 |
| 17. | ਸਾਲਾਨਾ ਖੇਡ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| 18. | (i) ਸਾਲਾਨਾ ਇਨਾਮ ਵੰਡ ਸਮਾਰੋਹ | : | ਮਾਰਚ ਦੇ ਦੂਜੇ ਹਫਤੇ |
| | (ii) ਕਨਵੋਕੇਸ਼ਨ | : | ਮਾਰਚ ਦੇ ਦੂਜੇ/ਤੀਜੇ ਹਫਤੇ |
| 19. | ਸਮੈਸਟਰ ਪ੍ਰੀਖਿਆਵਾਂ | : | ਸਮੈਸਟਰ-I 10-12-2020 ਤੋਂ |
| | | | ਸਮੈਸਟਰ-II 07-05-2021 ਤੋਂ |

# ਦਾਖ਼ਲਾ ਕਮੇਟੀਆਂ 2020-21

ਪ੍ਰਿੰਸੀਪਲ : ਪ੍ਰੋ. ਡਾ. ਅਮਨਦੀਪ ਕੌਰ ਕਨਵੀਨਰ ਐਡਮਿਸ਼ਨ : ਪ੍ਰੋ. ਅਜਿੰਦਰ ਕੌਰ

## ਬੀ ਏ ਸਮੈਸਟਰ ਪਹਿਲਾ (ਇੰਟਰਵਿਊ ਦਾ ਸਥਾਨ - ਲਾਇਬਰੇਰੀ ਹਾਲ)

| | | |
|---|---|---|
| ਪ੍ਰੋ ਪੁਸ਼ਪਿੰਦਰ ਕੌਰ (ਕਨਵੀਨਰ) | ਪ੍ਰੋ ਹਰਵਿੰਦਰ ਕੌਰ | ਪ੍ਰੋ ਸੁਨੀਲ ਕੁਮਾਰ |
| ਪ੍ਰੋ ਦਵਿੰਦਰ ਕੌਰ (ਸਕਾਲਰਸ਼ਿਪ) | ਡਾ ਗੁਰਪ੍ਰੀਤ ਕੌਰ | ਪ੍ਰੋ ਅਵਤਾਰ ਸਿੰਘ |
| ਪ੍ਰੋ ਬਲਜਿੰਦਰ ਸਿੰਘ (ਸਕਾਲਰਸ਼ਿਪ) | ਪ੍ਰੋ ਸੁਮਿਤਾ ਕਟੋਚ | ਸ਼੍ਰੀ ਜਗਮੋਹਨ ਸਿੰਘ-ਐਸ. ਐਲ. ਏ. |
| ਸ਼੍ਰੀ ਮਨਦੀਪ ਕੁਮਾਰ-ਲਾਇਬਰੇਰੀ ਅਟੈਂਡੈਂਟ (ਫਾਰਮ ਲੈਣਾ) | | |

## ਬੀ ਏ ਸਮੈਸਟਰ ਤੀਜਾ (ਇੰਟਰਵਿਊ ਦਾ ਸਥਾਨ - ਕਮਰਾ ਨੰਬਰ 4)

| | | |
|---|---|---|
| ਪ੍ਰੋ ਸਿੰਮੀ ਜੌਹਲ (ਕਨਵੀਨਰ) | ਪ੍ਰੋ ਬੋਮਿੰਦਰ ਕੌਰ | ਸ਼੍ਰੀ ਬਲਦੇਵ ਸਿੰਘ-ਐਲ.ਏ. (ਫਾਰਮ ਲੈਣਾ) |
| ਪ੍ਰੋ ਸਵਿਤਾ ਗੁਪਤਾ (ਸਕਾਲਰਸ਼ਿਪ) | ਪ੍ਰੋ ਕਿਰਨਪ੍ਰੀਤ ਕੌਰ | |

## ਬੀ ਏ ਸਮੈਸਟਰ ਪੰਜਵਾਂ (ਇੰਟਰਵਿਊ ਦਾ ਸਥਾਨ - ਰੂਸਾ ਰੂਮ)

| | | |
|---|---|---|
| ਪ੍ਰੋ ਅਜਿੰਦਰ ਕੌਰ (ਕਨਵੀਨਰ) | ਪ੍ਰੋ ਰਵਿੰਦਰ ਸਿੰਘ | ਸ਼੍ਰੀ ਹਰਨਾਮ ਸਿੰਘ-ਬੇਲਦਾਰ (ਫਾਰਮ ਲੈਣਾ) |
| ਪ੍ਰੋ ਗੁਰਮੀਤ ਸਿੰਘ (ਸਕਾਲਰਸ਼ਿਪ) | ਸ਼੍ਰੀ ਜਸਪ੍ਰੀਤ ਸਿੰਘ-ਜੇ. ਐਲ. ਏ. | |

## ਬੀ ਐਸ ਸੀ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ (ਇੰਟਰਵਿਊ ਦਾ ਸਥਾਨ - ਕੈਮਿਸਟਰੀ ਲੈਬ)

| | | |
|---|---|---|
| ਡਾ ਅਮਰਜੀਤ ਕੌਰ (ਕਨਵੀਨਰ) | ਪ੍ਰੋ ਸ਼ਵੇਤਾ ਖਰਬੰਦਾ | ਸ਼੍ਰੀ ਪ੍ਰਵੀਨ ਕੁਮਾਰ-ਐਲ.ਏ. (ਫਾਰਮ ਲੈਣਾ) |
| ਪ੍ਰੋ ਸੁਸ਼ਮਾ (ਸਕਾਲਰਸ਼ਿਪ) | ਸ਼੍ਰੀ ਅਭੈ ਸਾਗਰ-ਜੇ. ਐਲ. ਏ. | |

## ਬੀ ਕਾਮ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ (ਇੰਟਰਵਿਊ ਦਾ ਸਥਾਨ - ਐਚ ਈ ਆਈ ਐਸ ਦਫ਼ਤਰ)

| | | |
|---|---|---|
| ਪ੍ਰੋ ਰਾਕੇਸ਼ ਗਰਗ (ਕਨਵੀਨਰ) | ਪ੍ਰੋ ਪ੍ਰਭਜੋਤ ਕੌਰ | ਸ਼੍ਰੀ ਸਿਕੰਦਰ ਪੁਰੀ-ਪੀਅਨ (ਫਾਰਮ ਲੈਣਾ) |
| ਪ੍ਰੋ ਕਨੂੰ ਗਰਗ (ਸਕਾਲਰਸ਼ਿਪ) | ਸ਼੍ਰੀ ਜਸਮੇਰ ਸਿੰਘ-ਐਲ.ਏ. | |

## ਬੀ ਕਾਮ (ਆਨਰਜ਼)/ਬੀਸੀਏ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ (ਇੰਟਰਵਿਊ ਦਾ ਸਥਾਨ-ਐਚ ਈ ਆਈ ਐਸ ਦਫ਼ਤਰ)

| | | |
|---|---|---|
| ਪ੍ਰੋ ਅਜਿੰਦਰ ਕੌਰ (ਕਨਵੀਨਰ) | ਪ੍ਰੋ ਰਾਕੇਸ਼ ਗਰਗ | ਸ਼੍ਰੀ ਗਗਨ ਅਗਰਵਾਲ-ਪੀਅਨ (ਫਾਰਮ ਲੈਣਾ) |
| ਪ੍ਰੋ ਨੈਨਸੀ (ਸਕਾਲਰਸ਼ਿਪ) | ਪ੍ਰੋ ਰਵਿੰਦਰਜੀਤ | |

## ਸਕਾਲਰਸ਼ਿਪ ਕਮੇਟੀ

| | | |
|---|---|---|
| ਪ੍ਰੋ ਰਾਜਬੀਰ ਕੌਰ (ਕਨਵੀਨਰ) | ਪ੍ਰੋ ਮਨਪ੍ਰੀਤ ਕੌਰ | ਸ਼੍ਰੀ ਮਨਪ੍ਰੀਤ ਸਿੰਘ-ਕਲਰਕ |
| ਸ਼੍ਰੀ ਜੋਗਿੰਦਰ ਸਿੰਘ-ਐਸ. ਐਲ. ਏ. | ਸ਼੍ਰੀਮਤੀ ਡੋਜਿੰਦਰ ਕੌਰ-ਜੇ. ਐਲ. ਏ. | ਸ਼੍ਰੀ ਧਰਮ ਸਿੰਘ-ਐਲ. ਏ. |

## ਆਨਲਾਈਨ ਕਾਊਂਸਲਿੰਗ ਕਮੇਟੀ

| | | |
|---|---|---|
| ਪ੍ਰੋ ਰਵਿੰਦਰਜੀਤ | ਪ੍ਰੋ ਨੈਨਸੀ | ਸ਼੍ਰੀ ਮਨਦੀਪ ਕੁਮਾਰ-ਲਾਇਬਰੇਰੀ ਅਟੈਂਡੈਂਟ |

## ਫੀਸ ਕਮੇਟੀ

| | | |
|---|---|---|
| ਪ੍ਰੋ ਰਾਕੇਸ਼ ਗਰਗ | ਪ੍ਰੋ ਰਵਿੰਦਰਜੀਤ | ਸ਼੍ਰੀ ਸੂਬੇ ਸਿੰਘ-ਕਲਰਕ |
| ਸ਼੍ਰੀ ਸਿਕੰਦਰ ਪੁਰੀ-ਪੀਅਨ | | |

### ਅੰਡਰ-ਗਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਦਾ ਸ਼ਡਿਊਲ

(ਇਹ ਸਬੰਧਿਤ ਕੋਰਸਾਂ ਵਿਚ ਸੀਟ ਖਾਲੀ ਹੋਣ ਤੱਕ ਹੀ ਲਾਗੂ ਹੋਵੇਗਾ)

| | | |
|---|---|---|
| ਬਿਨਾਂ ਲੇਟ ਫੀਸ | ਰੈਗੂਲਰ ਦਾਖਲਾ | 01-08-2020 ਤੋਂ 14-08-2020 |
| 500 ਰੁਪਏ ਲੇਟ ਫੀਸ | ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 15-08-2020 ਤੋਂ 18-08-2020 |
| 1000 ਰੁਪਏ ਲੇਟ ਫੀਸ | ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 19-08-2020 ਤੋਂ 21-08-2020 |
| 1500 ਰੁਪਏ ਲੇਟ ਫੀਸ | ਵਾਈਸ ਚਾਂਸਲਰ ਦੀ ਪ੍ਰਵਾਨਗੀ ਨਾਲ | 22-08-2020 ਤੋਂ 25-08-2020 |
| 2000 ਰੁਪਏ ਲੇਟ ਫੀਸ | ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ | 26-08-2020 ਤੋਂ 28-08-2020 |

### ਅੰਡਰ-ਗਰੈਜੂਏਟ ਕੋਰਸਾਂ ਦੇ ਭਾਗ ਦੂਜਾ ਅਤੇ ਤੀਜਾ ਦੇ ਦਾਖਲਿਆਂ ਦਾ ਸ਼ਡਿਊਲ

(ਇਹ ਸਬੰਧਿਤ ਕੋਰਸਾਂ ਵਿਚ ਸੀਟ ਖਾਲੀ ਹੋਣ ਤੱਕ ਹੀ ਲਾਗੂ ਹੋਵੇਗਾ)

ਬਿਨਾਂ ਲੇਟ ਫੀਸ (ਰੈਗੂਲਰ ਦਾਖਲਾ) ਵਿਦਿਆਰਥੀਆਂ ਦੇ ਪ੍ਰਮੋਟ ਹੋਣ ਦੀ ਮਿਤੀ 21-07-2020 ਤੋਂ 15 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ










# ਸਰਕਾਰੀ ਕਾਲਜ, ਡੇਰਾ ਬੱਸੀ

(ਸਾਹਿਬਜ਼ਾਦਾ ਅਜੀਤ ਸਿੰਘ ਨਗਰ)

(An Accredited Institution with B Grade by NAAC)

**Ph.:** 01762-280093, 284705 **Email :** gcderabassi@gmail.com
**Website :** www.gcderabassi.com

ਮੁੱਲ ₹ 50.00